# ਦੇਸ਼ ਦੁਆਬਾ

VOL - 2 ISSUE - 25
March 16-31, 2014

www.deshdoaba.com
www.ambedkartimes.com


ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵਲੋਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਅਤੇ 14ਵਾਂ ਨਗਰ ਕੀਰਤਨ ਸੈਕਰਾਮੈਂਟੋ ਵਿਖੇ 9 ਮਾਰਚ ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। (ਤਸਵੀਰਾਂ 4 ਪੰਨੇ ਅੰਬੇਦਕਰ ਟਾਈਮਜ਼ ਵਿਚ ਅਤੇ ਖ਼ਬਰ ਅੰਦਰ ਸਫਾ 11 ਤੇ ਦੇਖੋ)



ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ 16 ਮਾਰਚ 2014 ਨੂੰ ਨੀਂਹ ਪੱਥਰ ਰੱਖਦੇ ਹੋਏ ਪੰਜ ਪਿਆਰੇ ਸਿੰਘ ਸਾਹਿਬਾਨ (ਹੋਰ ਤਸਵੀਰਾਂ ਦੇਖੋ ਸਫਾ 4 ਤੇ)



ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" 23 ਮਾਰਚ ਦੇ ਸ਼ਹੀਦਾਂ, ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।



ਇੰਡੀਆ ਤੋਂ ਆਏ ਮਾਣਯੋਗ ਪਾਸਟਰ ਅਨਿਲ ਕਾਂਤ ਮੋਡੈਸਟੋ ਦੇ ਇਕ ਮੈਥੋਡੈਸਟ ਚਰਚ ਵਿਖੇ 16 ਮਾਰਚ ਨੂੰ ਇਕ ਵਿਸ਼ੇਸ਼ ਸਮਾਗਮ ਦੌਰਾਨ ਨਾਮਵਰ ਗਾਇਕ ਚੰਦਨ ਸਿੰਘ ਦੀ ਸੀ. ਡੀ. ਰਿਲੀਜ਼ ਕਰਦੇ ਹੋਏ। ਇਸ ਸਬੰਧੀ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪੇਸ਼ ਕੀਤੀਆਂ ਜਾਣਗੀਆਂ।

# ਕੈਪਟਨ ਅਮਰਿੰਦਰ ਸਿੰਘ ਨੂੰ ਅੰਮ੍ਰਿਤਸਰ ਸੀਟ ਤੋਂ ਉਤਾਰਨ ਦੀ ਸੰਭਾਵਨਾ

## ਬਸਪਾ ਦੁਆਰਾ ਪੰਜਾਬ ਦੇ ਸਾਰੇ ਹਲਕਿਆਂ ਤੋਂ ਉਤਾਰੇ ਜਾ ਰਹੇ ਉਮੀਦਵਾਰਾਂ ਕਾਰਨ ਕਾਂਗਰਸ ਨੂੰ ਨੁਕਸਾਨ ਦਾ ਡਰ

ਨਵੀਂ ਦਿੱਲੀ- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੰਮ੍ਰਿਤਸਰ ਸੀਟ ਤੋਂ ਲੋਕ ਸਭਾ ਚੋਣਾਂ ਲੜ ਸਕਦੇ ਹਨ। ਸੂਤਰਾਂ ਮੁਤਾਬਕ ਕਾਂਗਰਸ ਲੀਡਰਸ਼ਿਪ ਅੰਮ੍ਰਿਤਸਰ ਸੀਟ 'ਤੇ ਹਰ ਹਾਲ ਵਿਚ ਜਿੱਤ ਪ੍ਰਾਪਤ ਕਰਨਾ ਚਾਹੁੰਦੀ ਹੈ ਅਤੇ ਇਸ ਲਈ ਉਹ ਕੈਪਟਨ ਅਮਰਿੰਦਰ ਵਰਗੇ ਮਜ਼ਬੂਤ ਉਮੀਦਵਾਰ ਦੇ ਨਾਂ 'ਤੇ ਵਿਚਾਰ ਕਰ ਰਹੀ ਹੈ। ਹਾਲਾਂਕਿ ਇਸ ਬਾਰੇ ਪਾਰਟੀ ਵੱਲੋਂ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਨੇ ਅੰਮ੍ਰਿਤਸਰ ਦੀ ਸੀਟ ਤੋਂ ਅਰੁਣ ਜੇਤਲੀ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਅਰੁਣ ਜੇਤਲੀ ਤੋਂ ਪਹਿਲਾਂ ਸਿੱਧੂ ਨੇ ਪਿਛਲੀ ਵਾਰ ਇਸ ਸੀਟ ਤੋਂ ਜਿੱਤ ਪ੍ਰਾਪਤ ਕੀਤੀ ਸੀ ਪਰ ਇਸ ਵਾਰ ਭਾਜਪਾ ਨੇ ਸਿੱਧੂ ਨੂੰ ਛੱਡ ਕੇ ਸਿੱਧੂ ਦੇ ਸਿਆਸੀ 'ਗੁਰੂ' ਮੰਨੇ ਜਾਣ ਵਾਲੇ ਅਰੁਣ ਜੇਤਲੀ 'ਤੇ ਭਰੋਸਾ ਜਤਾਇਆ ਹੈ। ਕਾਂਗਰਸ ਨੇ ਕੋਈ ਜੋਖਿਮ ਨਾ ਉਠਾਉਂਦਿਆਂ ਆਪਣੀ ਅੱਜ ਸ਼ਾਮੀਂ ਜਾਰੀ ਸੂਚੀ ਵਿੱਚ ਸਾਰੇ ਪ੍ਰਦੇਸ਼ ਪ੍ਰਧਾਨਾਂ ਨੂੰ ਜ਼ਿੰਮੇਵਾਰੀ ਲਾਈ ਕਿ ਉਹ ਮੈਦਾਨ ਛੱਡ ਜਾਣ ਦਾ ਪ੍ਰਭਾਵ ਦੇਣ ਦੀ ਥਾਂ ਆਪੋ-ਆਪਣੇ ਹਲਕਿਆਂ ਤੋਂ ਚੋਣ ਲੜਨ। ਇਸੇ ਰਣਨੀਤੀ ਦੇ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਉਨ੍ਹਾਂ ਦੇ ਜੱਦੀ ਹਲਕੇ ਗੁਰਦਾਸਪੁਰ ਅਤੇ ਹਰਿਆਣਾ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ ਨੂੰ ਸਿਰਸਾ ਤੋਂ ਟਿਕਟ ਦਿੱਤੀ ਗਈ। ਇੰਜ ਹੀ ਰਾਜਸਥਾਨ ਕਾਂਗਰਸ ਦੇ ਪ੍ਰਧਾਨ ਸਚਿਨ ਪਾਇਲਟ ਨੂੰ ਅਜਮੇਰ ਤੋਂ ਹੀ ਚੋਣ ਲੜਨ ਲਈ ਕਿਹਾ ਗਿਆ। ਇਹ ਤਿੰਨੋਂ ਪ੍ਰਦੇਸ਼ ਪ੍ਰਧਾਨ ਆਪੋ-ਆਪਣੇ ਹਲਕੇ ਛੱਡਣ ਜਾਂ ਚੋਣ ਨਾ ਲੜਨ ਦੇ ਰੌਅ ਵਿੱਚ ਸਨ।

ਬਸਪਾ ਦੁਆਰਾ ਪੰਜਾਬ ਦੇ ਸਾਰੇ ਹਲਕਿਆਂ ਤੋਂ ਚੋਣ ਮੈਦਾਨ ਵਿਚ ਉਤਾਰੇ ਜਾ ਰਹੇ ਉਮੀਦਵਾਰਾਂ ਦੇ ਕਾਰਨ ਕਾਂਗਰਸ ਦੀ ਹਾਲਤ ਕਾਫੀ ਪਤਲੀ ਹੋ ਗਈ ਹੈ। ਬਸਪਾ ਦਾ ਪੰਜਾਬ ਵਿਚ 5 ਫੀਸਦੀ ਤੋਂ ਜ਼ਿਆਦਾ ਠੋਸ ਵੋਟ ਬੈਂਕ ਹੈ। ਜਿਸ ਹਲਕੇ ਵਿਚ ਬਸਪਾ ਉਮੀਦਵਾਰ ਨਹੀਂ ਹੁੰਦਾ, ਬਸਪਾ ਦੀ




ਵੋਟ ਵੰਡੀ ਜਾਂਦੀ ਰਹੀ ਹੈ, ਪਰ ਇਸ ਵਾਰ ਬਸਪਾ ਦੀ ਵੋਟ ਵੰਡੇ ਜਾਣ ਦੀ ਉਮੀਦ ਨਹੀਂ ਹੈ। ਪੰਜਾਬ ਤੋਂ ਹਾਲੇ ਇਕੋ ਗੁਰਦਾਸਪੁਰ ਸੀਟ ਲਈ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਹਰਿਆਣਾ ਤੋਂ ਰਹਿੰਦੇ ਤਿੰਨ ਲੋਕ ਸਭਾ ਹਲਕਿਆਂ ਲਈ ਵੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਜਦੋਂਕਿ ਦਿੱਲੀ ਦੇ ਪੰਜ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਮ ਵੀ ਜਾਰੀ ਕਰ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਚਾਂਦਨੀ ਚੌਕ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਸੀਨੀਅਰ ਆਗੂ ਤੇ ਕੈਬਨਿਟ ਮੰਤਰੀ ਕਪਿਲ ਸਿੱਬਲ, ਪੂਰਬੀ ਦਿੱਲੀ ਤੋਂ ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦੀਕਸ਼ਿਤ, ਨਵੀਂ ਦਿੱਲੀ ਤੋਂ ਅਜੇ ਮਾਕਨ, ਉੱਤਰ ਪੂਰਬੀ ਦਿੱਲੀ ਤੋਂ ਜੈ ਪ੍ਰਕਾਸ਼ ਅਗਰਵਾਲ ਤੇ ਉੱਤਰ ਪੱਛਮੀ ਦਿੱਲੀ ਤੋਂ ਸ੍ਰੀਮਤੀ ਕ੍ਰਿਸ਼ਨਾ ਤੀਰਥ ਉਮੀਦਵਾਰ ਹੋਣਗੇ। ਪਾਰਟੀ ਨੇ ਰਾਸ਼ਟਰਮੰਡਲ ਖੇਡਾਂ ਮੌਕੇ ਹੋਏ ਘੁਟਾਲੇ ਦੇ ਮੁੱਖ ਮੁਲਜ਼ਮ ਸੁਰੇਸ਼ ਕਲਮਾਡੀ ਤੇ ਉਸ ਦੇ ਪਰਿਵਾਰ ਦੇ ਕਿਸੇ ਜੀਅ ਨੂੰ ਟਿਕਟ ਨਹੀਂ ਦਿੱਤੀ। ਪੁਣੇ ਤੋਂ ਪਾਰਟੀ ਦੇ ਵਸ਼ਵਜੀਤ ਕਦਮ ਨੂੰ ਚੋਣ ਪਿੜ ਵਿੱਚ ਉਤਾਰਿਆ ਹੈ। ਕਦਮ, ਮਹਾਰਾਸ਼ਟਰ ਵਿੱਚ ਯੂਥ ਕਾਂਗਰਸ ਦੇ ਪ੍ਰਧਾਨ ਹਨ ਤੇ ਸੀਨੀਅਰ ਮੰਤਰੀ ਪਤੰਗ ਰਾਓ ਕਦਮ ਦੇ ਪੁੱਤਰ ਹਨ। ਸੀ.ਪੀ.ਕਦਮ ਸਾਂਗਲੀ ਜ਼ਿਲ੍ਹੇ ਨਾਲ ਸਬੰਧਤ ਹਨ। ਹਰਿਆਣਾ ਵਿੱਚ ਸਿਰਸਾ ਤੋਂ ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ, ਅੰਬਾਲਾ ਰਾਖਵੀਂ ਸੀਟ ਤੋਂ ਰਾਜ ਕੁਮਾਰ ਵਾਲਮੀਕੀ ਅਤੇ ਗੁੜਗਾਉਂ ਤੋਂ ਵਿਧਾਇਕ ਧਰਮਪਾਲ ਨੂੰ ਉਮੀਦਵਾਰ ਐਲਾਨਿਆ ਹੈ। ਰਾਓ ਧਰਮਪਾਲ ਬਹਾਦਰਗੜ੍ਹ ਤੋਂ ਵਿਧਾਇਕ ਹਨ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮੁਹੰਮਦ ਅਜ਼ਹਰੂਦੀਨ ਜੋ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਲੋਕ ਪ੍ਰਤੀਨਿਧ ਸਨ, ਨੂੰ ਰਾਜਸਥਾਨ ਦੇ ਟੌਂਕ ਸਵਾਈ ਮਾਧੋਪੁਰ ਤੋਂ ਚੋਣ ਲੜਾਈ ਜਾ ਰਹੀ ਹੈ।


COVERED CALIFORNIA

Get Covered Today with Covered California Before Open Enrollment Closes!

ਓਬਾਮਾ ਕੇਅਰ (Covered California)

ਓਬਾਮਾ ਕੇਅਰ (Covered California) ਲੈਣ ਦੀ ਆਖਰੀ ਤਾਰੀਖ 31 ਮਾਰਚ 2014 ਹੈ। ਵਧੇਰੇ ਜਾਣਕਾਰੀ ਅਤੇ ਸ਼ੁਰੂ ਕਰਨ ਲਈ ਹਰਸਿਮਰਨ ਭੱਟੀ ਨਾਲ (530) 488-0859 ਤੇ ਸੰਪਰਕ ਕਰੋ।

SACRAMENTO COVERED
EL DORADO. PLACER. SUTTER. YUBA.

ਹੋਰ ਜਾਣਕਾਰੀ ਲਈ ਪੰਨਾ 2 ਤੇ ਦੇਖੋ


Harsimran Bhatti




RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434



Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



SAROAY INVESTMENT REALTY



Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

COVERED CALIFORNIA

# Get Covered Today with Covered California Before Open Enrollment Closes!

March 31st is the last day of Open Enrollment for Covered California health plans. Need help with your options or understanding what you qualify for? We can help you get started. Contact Harsimran Bhatti at 530-488-0859.

## ਓਬਾਮਾ ਕੇਅਰ (Covered California)

ਓਬਾਮਾ ਕੇਅਰ (Covered California) ਲੈਣ ਦੀ ਆਖਰੀ ਤਾਰੀਖ 31 ਮਾਰਚ 2014 ਹੈ।
ਵਧੇਰੇ ਜਾਣਕਾਰੀ ਅਤੇ ਸ਼ੁਰੂ ਕਰਨ ਲਈ ਹਰਸਿਮਰਨ ਭੱਟੀ ਨਾਲ (530) 488-0859 ਤੇ ਸੰਪਰਕ ਕਰੋ।

To discuss your options with Covered California representative directly, call (800) 300-1506 or visit online at www.coveredCA.com



SACRAMENTO COVERED
EL DORADO. PLACER. SUTTER. YUBA.

530-488-0859

Harsimran Bhatti



# INDIA MARKET

INDIA MARKET

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਅ) ਵੱਲੋਂ 30 ਮਾਰਚ 2014 ਨੂੰ ਮਨਾਏ ਜਾ ਰਹੇ
ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤ ਨੂੰ

## ਲੱਖ ਲੱਖ ਵਧਾਈਆਂ



ਬਰਿੰਦਰ ਬੰਗੜ

Sweets Spices Chaat House
We accept EBT cards
916-786-7666
1265 Pleasant Grove Blvd.
# 100 Roseville, CA 95747

We have the largest collection for Indian, Fijian & Pakistani Grocery
Music, Fabric, Artificial Jewelry, Sweets, Fresh Vegetables & more!
We accept EBT cards
916-338-5511
5203 Elkhorn Blvd.Sacramento, CA 95842

# ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ॥









ਯੂਬਾ ਸਿਟੀ (ਦਲਵਿੰਦਰ ਰੱਲ੍ਹ.)- ਹਰੇਕ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਕੋਈ ਨਾ ਕੋਈ ਗੁਰਮੁਖ ਪਰਿਵਾਰ ਜਾਂ ਫਿਰ ਗੁਰੂ ਘਰ ਦੀ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ, ਜਿਸ ਨਾਲ ਸਥਾਨਕ ਅਤੇ ਦੂਰ ਦੁਰਾਡਿਉਂ ਸੰਗਤ ਚੱਲ ਕੇ ਗੁਰੂ ਘਰ ਆਉਂਦੀ ਹੈ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ।

ਇਹੀ ਇਕ ਸਥਾਨ ਹੈ, ਜਿੱਥੇ ਹਰ ਵਿਅਕਤੀ ਆਪਣੇ ਕੰਮਾਂ ਕਾਰਾਂ ਤੋਂ ਵਕਤ ਕੱਢ ਕੇ ਆਪਣੇ ਮਨ ਦੇ ਸਕੂਨ ਲਈ, ਰੂਹ ਦੀ ਧਾਰਮਿਕ ਖੁਰਾਕ ਲਈ ਸਤਿਸੰਗਤ ਦੇ ਨਾਲ ਸਤਿਸੰਗ ਵਿਚ ਜੁੜ ਬੈਠਦਾ ਹੈ। ਜਦੋਂ ਉਸ ਦੇ ਮਨ ਦੀ ਭਟਕਣ ਦੂਰ ਹੁੰਦੀ ਹੈ ਅਤੇ ਵਿਗੜੇ ਕਾਰਜ ਸੰਵਰਦੇ ਹਨ ਤਾਂ ਉਸ ਦਾ ਵਿਸ਼ਵਾਸ ਹੋਰ ਪਕੇਰਾ ਹੁੰਦਾ ਹੈ ਤੇ ਉਸ ਅੰਦਰੋਂ ਗੁਰੂ ਦੇ ਚਰਨਾਂ ਵਿਚ ਜੁੜ ਬੈਠਣ ਅਤੇ ਸੇਵਾ ਕਰਨ ਦੀ ਤਾਂਘ ਪੈਦਾ ਹੁੰਦੀ ਹੈ।

ਜਿਵੇਂ ਕਿ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਗੁਰਬਾਣੀ ਅੰਦਰ ਫੁਰਮਾਨ ਹੈ:

ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ,<br>
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥

ਸੋ ਦੋ ਮਾਰਚ ਵਾਲੇ ਐਤਵਾਰ ਨੂੰ ਸ੍ਰੀ ਪਿਆਰਾ ਰਾਮ ਖੇੜਾ ਤੇ ਸ਼੍ਰੀਮਤੀ ਮਹਿੰਦਰ ਕੌਰ ਖੇੜਾ ਤੇ ਉਹਨਾਂ ਦੇ ਸਪੁੱਤਰ ਸ੍ਰੀ ਪ੍ਰੇਮ ਖੇੜਾ ਤੇ ਨੂੰਹ ਰਾਣੀ ਸ਼੍ਰੀਮਤੀ ਨੀਲਮ ਖੇੜਾ ਨੇ ਆਪਣੇ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ ਗੁਰੂ ਘਰ ਵਿਖੇ ਸੁਖਮਨੀ ਸਾਹਿਬ ਜੀ ਦਾ ਪਾਠ ਰਖਾਇਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਜੀਤਾ ਉਹਨਾਂ ਦੇ ਸਾਥੀਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਬੱਚਿਆਂ ਦੇ ਜਨਮ ਦਿਨ ਦੀਆਂ ਮੁਬਾਰਕਾਂ ਇਕ ਦੂਜੇ ਨਾਲ ਸਾਂਝੀਆਂ ਕੀਤੀਆਂ।

ਇਸ ਮੌਕੇ ਗੁਰਮੁਖ ਖੇੜਾ ਪਰਿਵਾਰ ਨੂੰ ਗੁਰੂ ਘਰ ਦੀ ਕਮੇਟੀ ਨੇ ਸਿਰੋਪਾਓ ਨਾਲ ਨਿਵਾਜਿਆ। ਇਸ ਦੇ ਨਾਲ ਹੀ ਇੰਡੀਆ ਤੋਂ ਆਈ ਸ੍ਰੀ ਸੰਤੋਖ ਕੋਰੋਟਾਨੇ ਦੀ ਸੁਪਤਨੀ ਭਾਰਤੀ ਪ੍ਰੀਆ ਨੂੰ ਸਿਰੋਪਾਓ ਨਾਲ ਜੀ ਆਇਆਂ ਆਖਿਆ। ਇਸ ਤੋਂ ਇਲਾਵਾ ਗੁਰੂ ਘਰ ਦੇ ਨਿਸ਼ਕਾਮ ਸੇਵਕ ਪੜ੍ਹੇ ਲਿਖੇ ਨੌਜਵਾਨ ਆਗੂ ਅਤੇ ਕੈਸ਼ੀਅਰ ਸ੍ਰੀ ਦਲਵਿੰਦਰ ਰੱਲ੍ਹ ਜੀ ਦੇ ਵੱਡੇ ਭੈਣ ਜੀ ਅਤੇ ਉਹਨਾਂ ਦਾ ਭਾਣਜਾ ਜੋ ਇੰਗਲੈਂਡ ਨਿਵਾਸੀ ਹਨ, ਦੇ ਗੁਰੂ ਘਰ ਪਧਾਰਨ ਤੇ ਗੁਰੂ ਘਰ ਦੀ ਕਮੇਟੀ ਨੇ ਆਪਣੀ ਪ੍ਰੰਪਰਾ ਨੂੰ ਬਹਾਲ ਰੱਖਦਿਆਂ ਉਹਨਾਂ ਦਾ ਵੀ ਸਿਰੋਪਾਓ ਦੇ ਨਾਲ ਨਿੱਘੇ ਦਿਲੋਂ ਜੀ ਆਇਆਂ ਆਖਿਆ।

ਇਸ ਉਪਰੰਤ ਗੁਰੂ ਦੇ ਅਤੁੱਟ ਕੜਾਹ ਪ੍ਰਸ਼ਾਦ ਤੇ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਸ੍ਰੀ ਗੁਰਬਚਨ ਚੋਪੜਾ ਜੀ ਨੇ ਨਿਭਾਈ।

**ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਪਾਰਕਿੰਗ ਲਾਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ**



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 17 ਮਾਰਚ ਨੂੰ ਮਨਾਏ ਗਏ ਹੋਲਾ ਮਹੱਲਾ ਪ੍ਰੋਗਰਾਮ ਦੌਰਾਨ ਲੰਗਰ ਅਤੇ ਦੀਵਾਨ ਦੀ ਸੇਵਾ ਸ੍ਰੀ ਬਲਬੀਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ। ਇਸ ਮੌਕੇ ਉਹਨਾਂ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ




ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀ ਖੁਸ਼ੀ ਵਿਚ 14 ਮਾਰਚ ਨੂੰ ਰਖਾਏ ਗਏ ਅਤੇ 16 ਮਾਰਚ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਾਏ ਗਏ। ਇਸ ਮੌਕੇ ਮੋਹਨ ਸਿੰਘ ਬਾਸੀ, ਰਣਬੀਰ ਸਿੰਘ ਅਤੇ ਸੁਖਦੀਪ ਕੰਧੋਲਾ ਦੇ ਪਰਿਵਾਰਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਸ. ਬੂਟਾ ਸਿੰਘ (ਯੂਬਾ ਸਿਟੀ) ਦੀ ਲੜਕੀ ਰਵਿੰਦਰ ਕੌਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਕੈਨੇਡਾ ਤੋਂ ਗੁਰੂ ਘਰ ਪਧਾਰੇ। (ਮਾਰਚ 16, 2014)

# ਪਿੰਡ ਮਾਣਕਾਂ 'ਚ ਗਾਇਕ ਕੇ. ਐਸ.ਮੱਖਣ ਤੇ ਜੈਲੀ ਨੇ ਸਰੋਤੇ ਕੀਲੇ

## ਧਾਰਮਿਕ ਅਸਥਾਨ 'ਤੇ ਜੱਸੀ ਬੰਗਾ ਯੂ.ਐਸ.ਏ.ਨੇ ਕੀਤੀ ਸੀ 12 ਸਾਲਾ ਪਹਿਲਾ ਸੱਭਿਆਚਾਰਕ ਮੇਲਾ ਕਰਾਉਣ ਦੀ ਸ਼ੁਰੂਆਤ

ਜਲੰਧਰ (ਬਿਓਰੋ)-ਪਿੰਡ ਮਾਣਕਾਂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ ਧਾਰਮਿਕ ਅਸਥਾਨ ਜਲ ਦੇਵਤਾ ਮੰਦਿਰ ਬਾਬਾ ਖੇੜੀ ਵਾਲਾ ਜੀ ਦੇ ਦਰਬਾਰ 'ਤੇ ਸਲਾਨਾ 2 ਦਿਨਾਂ ਸਲਾਨਾ ਜੋੜ ਮੇਲਾ ਕਰਵਾਇਆ ਗਿਆ। ਪਹਿਲੇ ਦਿਨ ਦਰਬਾਰ ਦੀਆਂ ਧਾਰਮਿਕ ਰਸਮਾਂ ਉਪਰੰਤ ਚਿਰਾਗਾਂ ਦੀ ਰਸਮ ਅਦਾ ਕੀਤੀ ਗਈ। ਦੂਜੇ ਦਿਨ ਪੰਜਾਬ ਦੇ ਮਸ਼ਹੂਰ ਗਾਇਕ ਕੇ.ਐਸ.ਮੱਖਣ ਅਤੇ ਜੈਲੀ ਨੇ ਆਪਣੇ ਹਿੱਟ ਗੀਤਾਂ ਨਾਲ ਹਾਜ਼ਰੀ ਲਗਵਾਈ।

ਗਾਇਕ ਕੇ. ਐਸ. ਮੱਖਣ ਨੇ ਆਪਣੇ ਹਿੱਟ ਗੀਤਾਂ ਚੋਂ 'ਰੱਖ ਹੌਸਲਾ ਤੇਰੇ ਵੀ ਦਿਨ ਚੰਗੇ ਆਉਣਗੇ, ਅੱਜ ਤੱਕ ਮਿੱਤਰਾਂ ਨੇ ਨਹੀਂ ਕੀਤੀ ਕਿਸੇ ਦੀ ਪਰਵਾਹ, ਬੱਲੇ ਓ ਸ਼ੇਰ ਜਵਾਨਾਂ ਖੇਡੀ ਜਾ ਵਿਚ ਮੈਦਾਨਾਂ ਆਦਿ ਤੋਂ ਇਲਾਵਾ ਹੋਰਨਾਂ ਕਈ ਹਿੱਟ ਗੀਤਾਂ ਨਾਲ ਹਾਜ਼ਰੀ ਭਰੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪ੍ਰਵੀਨ ਬੰਗਾ, ਠੇਕੇਦਾਰ ਰਜਿੰਦਰ ਸਿੰਘ, ਮਨੀ ਭਰੋਮਜਾਰਾ ਵੀ ਪੁੱਜੇ। ਪ੍ਰਬੰਧਕਾਂ ਨੇ ਗਾਇਕ ਕੇ. ਐਸ. ਮੱਖਣ ਅਤੇ ਹੋਰਨਾਂ ਸ਼ਖਸ਼ੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਬੰਗਾ ਕੈਨੇਡਾ, ਸ਼ੁਭਾਸ਼ ਬੰਗਾ ਯੂ. ਐਸ. ਏ., ਸੋਮਨਾਥ ਬੰਗਾ ਇਟਲੀ, ਬਲਵੀਰ ਬੈਂਸ, ਮਲੂਕ ਚੰਦ ਬੰਗਾ, ਸੋਨੂੰ ਬੰਗਾ, ਲਿੱਲੀ ਚਾਵਲਾ ਜਲੰਧਰ, ਪਰਮਜੀਤ ਰਿੱਕੀ




ਜਲੰਧਰ, ਗੁਰਮੁਖ ਰੱਲ੍ਹ ਯੂ.ਐਸ.ਏ., ਅਭੀ ਸ਼ਰਮਾ ਜਲੰਧਰ ਆਦਿ ਹਾਜ਼ਰ ਸਨ। ਦੱਸਣਯੋਗ ਹੈ ਕਿ ਪ੍ਰਸਿੱਧ ਅੰਤਰ-ਰਾਸ਼ਟਰੀ ਪ੍ਰਮੋਟਰ ਅਤੇ ਬਿਜ਼ਨਸਮੈਨ ਜੱਸੀ ਬੰਗਾ ਯੂ.ਐਸ.ਏ. ਅਤੇ ਉਨ੍ਹਾਂ ਦੇ ਪਰਿਵਾਰ ਦੇ ਸਹਿਯੋਗ ਨਾਲ ਇਹ ਮੇਲਾ ਕਰਵਾਇਆ ਜਾਂਦਾ ਹੈ। ਸ੍ਰੀ ਜੱਸੀ ਬੰਗਾ ਨੇ ਲਗਭਗ 12 ਸਾਲ ਪਹਿਲਾਂ ਇਸ ਅਸਥਾਨ 'ਤੇ ਸੱਭਿਆਚਾਰਕ ਮੇਲਾ ਕਰਵਾਉਣ ਦੀ ਸ਼ੁਰੂਆਤ ਕਰਵਾਈ ਸੀ ਇਸ ਮੇਲੇ ਵਿਚਨਾਮਵਰ ਗਾਇਕ ਹਾਜ਼ਰੀ ਲਗਵਾ ਚੁੱਕੇ ਹਨ।

# ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ (ਸੈਕਰਾਮੈਂਟੋ) ਦੀ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਦਾ ਨੀਂਹ ਪੱਥਰ 16 ਮਾਰਚ 2014 ਨੂੰ ਰੱਖਣ ਸਮੇਂ ਦੀਆਂ ਯਾਦਗਾਰੀ ਤਸਵੀਰਾਂ। (ਵੱਲੋਂ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'')

















ਤਸਵੀਰਾਂ ਪ੍ਰੇਮ ਕੁਮਾਰ ਚੁੰਬਰ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ''









# ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ ਵਿਚ ਸਿੱਖ ਪੰਚਾਇਤ (ਸਲੇਟ) ਜੇਤੂ

ਫਰੀਮਾਂਟ (ਡੀ. ਡੀ. ਬੀ.)– ਬੀਤੀ 9 ਮਾਰਚ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਦੀ ਸੁਪਰੀਮ ਕੌਂਸਲ ਚੋਣਾਂ ਨਿਰਧਾਰਿਤ ਸਮੇਂ ਅਤੇ ਸ਼ਾਂਤਮਈ ਮਾਹੌਲ ਵਿਚ ਸੰਪੂਰਨ ਹੋਈਆਂ, ਜਿਸ ਵਿਚ ਮੌਜੂਦਾ ਕਾਬਲ ਧੜਾ ਸਿੱਖ ਪੰਚਾਇਤ ਸਲੇਟ ਦੇ ਸਾਰੇ ਦੇ ਸਾਰੇ ਪੰਜ ਉਮੀਦਵਾਰਾਂ ਸਰਵਸ੍ਰੀ ਭਾਈ ਸਾਹਿਬ ਭਾਈ ਜਸਦੇਵ ਸਿੰਘ 2125, ਲਖਵੀਰ ਸਿੰਘ 2137, ਗੁਰਿੰਦਰ ਸਿੰਘ 2138, ਤਰਸੇਮ ਸਿੰਘ 2160 ਅਤੇ ਹਰਜੀਤ ਸਿੰਘ 2107 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ। ਦੂਜੇ ਪਾਸਿਉਂ ਮੁੱਖ ਵਿਰੋਧੀ ਧੜਾ ਬੇ-ਏਰੀਆ ਸਿੱਖ ਅਲਾਇੰਸ ਐਸੋਸੀਏਸ਼ਨ ਦੇ ਉਮੀਦਵਾਰ ਸਰਵਸ੍ਰੀ ਭਾਈ ਸਾਹਿਬ ਭਾਈ ਅਵਤਾਰ ਸਿੰਘ ਧਾਮੀ 1647, ਗੁਰਚਰਨ ਸਿੰਘ ਮਾਨ 1620, ਹਰਚਰਨ ਸਿੰਘ 1536, ਜਸਵੰਤ ਸਿੰਘ 1532 ਅਤੇ ਬੀਬੀ ਰਣਜੀਤ ਕੌਰ 1572 ਵੋਟਾਂ ਹਾਸਲ ਕਰ ਸਕੇ ਹਨ।

ਉਪਰੋਕਤ ਦੋਹਾਂ ਧੜਿਆਂ ਤੋਂ ਇਲਾਵਾ ਬਾਕੀ ਉਮੀਦਵਾਰ 50 ਦਾ ਅੰਕੜਾ ਨਹੀਂ ਹਾਸਲ ਕਰ ਸਕੇ। ਚੋਣਾਂ ਦੌਰਾਨ ਸੁਰੱਖਿਆ ਦੇ ਖਾਸ ਅਤੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਹੀ ਕਾਰਨ ਹੈ ਕਿ ਚੋਣਾਂ ਦਾ ਕੰਮ ਸ਼ਾਂਤਮਈ ਅਤੇ ਨਿਰਵਿਘਨ ਰਿਹਾ, ਜਿਸ ਤੋਂ ਸੰਗਤ ਖੁਸ਼ ਨਜ਼ਰ ਆ ਰਹੀ ਸੀ। ਸਿੱਖ ਪੰਚਾਇਤ ਸਲੇਟ ਨੇ ਲਗਾਤਾਰ ਜਿੱਥੇ ਦੂਸਰੀ ਜਿੱਤ ਦੀ ਖੁਸ਼ੀ ਮਨਾਈ, ਉਥੇ ਬੇ-ਏਰੀਆ ਸਿੱਖ ਅਲਾਇੰਸ ਐਸੋਸੀਏਸ਼ਨ ਦੇ ਉਮੀਦਵਾਰਾਂ ਨੇ ਆਪਣੇ ਸਾਰੇ ਵੋਟਰਾਂ ਅਤੇ ਸਪੋਰਟਰਾਂ ਵੱਲੋਂ ਮਿਲੇ ਸਹਿਯੋਗ ਲਈ ਤਹਿ ਦਿਲੋਂ ਕੋਟਿਨ ਕੋਟਿ ਧੰਨਵਾਦ ਕੀਤਾ।


































ਪੋਲਿੰਗ ਦੇ ਸਮੇਂ ਦੌਰਾਨ "ਅਦਾਰਾ ਦੇਸ਼ ਦੁਆਬਾ" ਵੱਲੋਂ ਲਈਆਂ ਗਈਆਂ ਤਸਵੀਰਾਂ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ
ਵੱਲੋਂ ਸਮੂਹ ਸੰਗਤ ਨੂੰ ਸਾਹਿਬ
ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ
ਦੀਆਂ ਲੱਖ ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 30 ਮਾਰਚ 2014 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਪ੍ਰਕਾਸ਼ ਦਿਹਾੜਾ (Newark Pavillion 6430,Thronton Avenue Newark) ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਹੁੰਮ ਹੁੰਮਾ ਕੇ ਪਹੁੰਚੋ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

**Sucha Ram Bharta (Chairman) 650-207-6286,**
**Vinod K. Chumber (Vice Chairman), Kewal Singh (Vice Chairman),**
**Mohinder Singh Mahi (President) 408-643-9052,**
**Harbhajan Singh (Vice President), Rajinder Singh (Vice President),**
**Santokh Saroya (General Secretary) 408-509-9697,**
**Deepak Saroya (Assistant Secretary),**
**Anita Sidhu (Treasurer) 510-706-8501,**
**Pirthi Jhamat (Assistant Treasurer), Pawan Kumar (Assistant Treasurer)**

## Shri Guru Ravidass Sabha (Bay Area) California (USA)
## 31252 Veasy Street Union City California, 94587



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਆਪਣੇ ਪੂਜਨੀਕ ਮਾਤਾ ਬਿਸ਼ਨ ਕੌਰ ਨਾਲ



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਆਪਣੀ ਭੈਣ ਸਵਰਨ ਕੌਰ ਦੇ ਨਾਲ

# ਸਾਹਿਬ ਸ੍ਰੀ ਕਾਂਸ਼ੀ ਜੀ ਦੇ ਜਨਮ ਦਿਨ 15 ਮਾਰਚ 'ਤੇ ਕੁਝ ਵਿਚਾਰ

ਭਾਰਤ ਦੇ ਗ਼ੁਲਾਮ, ਸੋਸ਼ਿਤ, ਪੀੜਤ, ਸ਼ਿਕਾਰ, ਦਲਿਤ ਅਤੇ ਦਮਿਤ ਲੋਕਾਂ ਨੂੰ ਦੇਸ਼-ਵਿਦੇਸ਼ ਦੇ ਧਾੜਵੀਆਂ ਨੇ ਆਗੂ ਬਣਨ ਦਾ ਢੌਂਗ ਕਰਦੇ ਹੋਏ ਰਾਹਜਨ ਬਣਕੇ ਲੁੱਟਿਆ, ਕੁੱਟਿਆ, ਸਰੀਰਕ ਅਤੇ ਮਾਨਸਿਕ ਤਸੀਹੇ ਦੇ ਕੇ ਸਦੀਆਂ ਤੋਂ ਲਾਗਪੁਣਾ, ਗੋਲਪੁਣਾ ਅਤੇ ਬਗਾਰਪੁਣਾ ਕਰਨ ਦੇ ਆਹਰੇ ਲਗਾਈ ਰੱਖਿਆ। ਉਕਤ ਦੱਬੇ ਕੁਚਲੇ ਲੋਕਾਂ ਦੇ ਮਨ ਦਾ ਡਰ ਅਤੇ ਹਨ੍ਹੇਰਾ ਦੂਰ ਕਰਨ ਅਤੇ ਦਲੇਰੀ ਦੇ ਕੇ ਜ਼ੁਲਮ ਦਾ ਟਾਕਰਾ ਕਰਨ ਲਈ ਭਾਰਤ ਦੇ ਅਸਲ ਸਪੂਤ ਰਹਿਬਰਾਂ, ਮਹਾਂਪੁਰਸ਼ਾਂ ਨੇ ਆਪਣੀਆਂ ਜ਼ਿੰਦਗੀਆਂ ਲਗਾ ਕੇ, ਕੁਰਬਾਨ ਹੋ ਕੇ ਰੋਹ ਭਰੀ ਰੌਸ਼ਨੀ ਦੇ ਚਿਰਾਗ਼ ਪ੍ਰਵਜਲਤ ਕੀਤੇ, ਮਿਸ਼ਾਲਾਂ ਬਾਲੀਆਂ। ਉਸੇ ਰੌਸ਼ਨੀ ਤੋਂ ਚਕਾਚੌਂਦ ਵਾਲੀ, ਆਜ਼ਾਦ ਜ਼ਿੰਦਗੀ ਮਾਨਣ ਜਿਊਂਣ ਦੇ ਕਾਬਲ ਬਣਾਇਆ। ਉਨ੍ਹਾਂ ਮਹਾਂਪੁਰਸ਼ਾਂ, ਰਹਿਬਰਾਂ ਨੂੰ ਯਾਦ ਕਰਨਾ, ਯਾਦ ਰੱਖਣਾ ਸਾਡਾ ਮੁੱਢਲਾ ਫਰਜ਼ ਹੈ ਤੇ ਉਨ੍ਹਾਂ ਚਿਰਾਗ਼ਾਂ ਵਿਚ ਤੇਲ ਪਾਉਂਦੇ ਰਹਿਣਾ ਸਾਡਾ ਧਰਮ ਹੈ।



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪਿਤਾ ਸ ਹਰੀ ਸਿੰਘ ਜੀ

ਸੰਤ ਸਤਿਗੁਰਾਂ, ਗੁਰੂ ਸਾਹਿਬਾਨ ਦੀ ਸੋਚ ਅਤੇ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣ ਦੀ ਸਫਲ ਕਾਰਗੁਜ਼ਾਰੀ ਕਰਦੇ ਹੋਏ ਮਹਾਤਮਾ ਜੋਤੀ ਰਾਓ ਫੂਲੇ, ਬਾਵਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਨਾਲ ਤੋਰੇ ਕਾਫ਼ਲੇ ਨੂੰ ਪੁਰਜ਼ੋਰ ਤਰੀਕੇ ਨਾਲ ਰਫ਼ਤਾਰ ਦੇਣ ਵਾਲੇ ਮਹਾਨ ਆਗੂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਅਮਰੀਕਾ ਤੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਕੱਢੇ ਜਾ ਰਹੇ ਅਖ਼ਬਾਰ "ਅੰਬੇਦਕਰ ਟਾਈਮਜ਼" ਅੰਗਰੇਜ਼ੀ, ਪੰਜਾਬੀ ਅਤੇ "ਦੇਸ਼ ਦੁਆਬਾ" ਦੇ ਸੁਹਿਰਦ ਪਾਠਕਾਂ ਨੂੰ ਵਧਾਈ ਦਿੰਦੇ ਹੋਏ ਰਹਿਬਰਾਂ ਦੇ ਉਦੇਸ਼ ਨੂੰ ਪੂਰਾ ਕਰਨ ਦੇ ਅਕੀਦੇ ਪ੍ਰਤੀ ਪ੍ਰਤੀਬੱਧ ਹੁੰਦੇ ਹੋਏ ਸਾਹਿਬ ਸ੍ਰੀ ਕਾਂਸ਼ੀ ਰਾਮ ਦੁਆਰਾ ਸ਼ੁਰੂ ਕੀਤੀ ਆਜ਼ਾਦੀ, ਸਮਾਜਿਕ ਬਰਾਬਰਤਾ ਅਤੇ ਆਰਥਿਕ ਮੁਕਤੀ ਦੀ ਲਹਿਰ ਵਿਚ ਸ਼ਾਮਲ ਆਗੂਆਂ ਦੇ ਵਿਚਾਰ ਪੇਸ਼ ਹਨ।



**– ਰੇਸ਼ਮ ਕਰਨਾਣਵੀ**
**– 98158-80104**



ਬਾਵਾ ਸਾਹਿਬ ਜੀ ਦੀ ਚਲਾਈ ਹੋਈ ਸਮਾਜਿਕ ਪਰਵਰਤਨ, ਆਰਥਿਕ ਮੁਕਤੀ ਦੀ ਲਹਿਰ ਦੀ ਮਿਸ਼ਾਲ ਨੂੰ ਜਾਗ੍ਰਿਤ ਕਰਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਪੂਰੇ ਭਾਰਤ ਵਿਚ ਲੈ ਕੇ ਗਏ, ਜਿਸ ਦੀ ਰੌਸ਼ਨੀ ਪਾਰਲੀਆਮੈਂਟ ਤੱਕ ਪਹੁੰਚੀ। ਇਹ ਮਿਸ਼ਾਲ ਦਲਿਤ ਸਮਾਜ ਦੇ ਵਿਹੜਿਆਂ ਵਿਚ ਚਾਨਣ ਦਾ ਛਿੱਟਾ ਦੇ ਗਈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਧ ਲੈ ਕੇ ਗੁਰੂ ਨਾਮਦੇਵ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਨਾਨਕ ਦੇਵ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਬ੍ਰਾਹਮਣਵਾਦ ਦੇ ਖਿਲਾਫ਼ ਜਹਾਦ ਨੂੰ ਅੱਗੇ ਵਧਾਉਣ ਦਾ ਸਫਲ ਉਪਰਾਲਾ ਭਾਰਤ ਦੀ ਧਰਤੀ ਕੀਤਾ। ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮੈਂ ਵੀ ਸਾਰੇ ਦੇਸ਼ ਦੇ ਗੁਲਾਮਾਂ ਨੂੰ ਜਗਾਉਣ ਲਈ ਆਪਣੀ ਨੌਕਰੀ ਛੱਡ ਕੇ ਦਿਨ ਰਾਤ ਇਸ ਸੰਘਰਸ਼ ਵਿਚ ਯੋਗਦਾਨ ਪਾਇਆ। ਭਾਰਤ ਦੇ ਇਤਿਹਾਸ ਵਿਚ ਅਜ਼ਾਦੀ ਦੀ ਤੀਸਰੀ ਲੜਾਈ ਦਾ ਜੋ ਬਿਗਲ ਕਾਂਸ਼ੀ ਰਾਮ ਨੇ ਵਜਾਇਆ ਉਸ ਦੀ ਗੂੰਜ ਅੱਜ ਵੀ ਭਾਰਤ ਦੀ ਰਾਜਨੀਤਕ ਸਫਾਂ ਵਿਚ ਸਾਫ ਸੁਣੀ ਜਾਂਦੀ ਹੈ। ਅਜ਼ਾਦੀ ਦੀ ਤੀਸਰੀ ਲੜਾਈ ਤੇ ਇੱਕ ਫਿਲਮ ਦਾ ਉਦਘਾਟਨ 1992 'ਚ ਕੋਹਲਾਪੁਰ ਵਿਚ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਮਾਜਿਕ ਢਾਂਚੇ ਦੇ ਖਾਤਮੇ ਲਈ ਕੀਤਾ ਸੀ। ਅੱਜ ਉਨ੍ਹਾਂ ਦੀ ਇਸ ਲਹਿਰ ਨੂੰ ਭਾਰਤ ਦੇ ਮਨੂੰਵਾਦੀ ਸੋਚ ਵਾਲੇ ਲੋਕ ਵੇਚਣ ਤੇ ਤੁਲੇ ਹੋਏ ਹਨ। ਪਰ ਉਨ੍ਹਾਂ ਦੀ ਅਗਲੀ ਪੀੜ੍ਹੀ ਨੂੰ ਸੁਚੇਤ ਰਹਿ ਕੇ ਉਨ੍ਹਾਂ ਦੇ ਮਿਸ਼ਨ ਦੀ ਮਿਸ਼ਾਲ ਨੂੰ ਜਗਦੀ ਰੱਖਣ ਦੇ ਸਾਰਥਿਕ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਦੇ ਜਨਮ ਦਿਵਸ ਤੇ ਉਨ੍ਹਾਂ ਦੇ ਮਿਸ਼ਨ ਦੇ ਕਾਫਲੇ ਨੂੰ ਅੱਗੇ ਵਧਾਉਣ ਦਾ ਅਹਿਦ ਕਰਦੇ ਹੋਏ ਮਨੂੰਵਾਦੀ ਸੋਚ ਦੇ ਧਾਰਨੀ ਲੋਕਾਂ ਤੋਂ ਸੁਚੇਤ ਹੋ ਕੇ ਦੇਸ਼ ਦੀ ਸੱਤਾ ਤੇ ਕਾਬਜ਼ ਹੋਈਏ।

**–ਹਰਭਜਨ ਲਾਖਾ**
**ਸਾਬਕਾ ਮੈਂਬਰ ਪਾਰਲੀਮੈਂਟ**



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਬਹੁਤ ਵੱਡੇ ਸੰਗਠਤ ਕਰਤਾ ਸਨ। ਉਨ੍ਹਾਂ ਦੇ ਜਥੇਬੰਦਕ ਤਜਰਬੇ ਦਾ ਲੋਹਾ ਉਨ੍ਹਾਂ ਦੇ ਵਿਰੋਧੀ ਵੀ ਲੋਹਾ ਮੰਨਦੇ ਸਨ। ਬਹੁਜਨ ਲਹਿਰ ਨੂੰ ਜ਼ੀਰੋ ਤੋਂ ਬੁਲੰਦੀਆਂ ਤੱਕ ਪਹੁਚਾਉਣ ਦਾ ਕਰਿਸ਼ਮਾ ਉਹ ਹੀ ਕਰ ਸਕਦੇ ਸਨ ਤੇ ਕਰ ਸਕੇ। ਜੋ ਜਾਗ੍ਰਿਤੀ ਚੇਤਨਤਾ ਲਹਿਰ ਨੇ ਦਿੱਤੀ ਉਸਦਾ ਹੀ ਨਤੀਜਾ ਹੈ ਕਿ ਦਲਿਤਾਂ ਨਾਲ ਜਦੋਂ ਵੀ ਧੱਕੇਸ਼ਾਹੀ ਹੁੰਦੀ ਹੈ ਤਾਂ ਲੋਕ ਅੰਦੋਲਨ ਸ਼ੁਰੂ ਕਰ ਦਿੱਤਾ ਜਾਂਦਾ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਰਾਸ਼ਟਰੀ ਨਾਇਕ ਵਜੋ ਪੂਜਾ ਕਰਨੀ ਚਾਹੀਦੀ ਹੈ। ਉਨ੍ਹਾਂ ਦੇ ਆਦਰਸ਼ਾਂ ਤੇ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਦੀ ਲਹਿਰ ਨੂੰ ਸਮਾਜ ਵਿਰੋਧੀ ਅਨਸਰ ਸਹੀ ਸੇਧ ਨਹੀਂ ਦੇ ਸਕੇ ਜਿਸ ਕਰਕੇ ਸਫਲਤਾ ਦੇ ਨੇੜੇ ਜਾ ਕੇ ਵੀ ਇਸ ਨੂੰ ਸਟੇਟ ਪਾਵਰ 'ਚ ਨਹੀਂ ਬਦਲ ਸਕੇ। ਬਾਵਾ ਸਾਹਿਬ ਤੋਂ ਬਾਅਦ ਦਲਿਤਾਂ ਦੀ ਦਸ਼ਾ ਸੁਧਾਰਨ ਦਾ ਸਫਲ ਉਪਰਾਲਾ ਕਰਨ ਵਾਲੇ ਸਾਹਿਬ ਸ੍ਰੀ ਕਾਂਸ਼ੀ ਰਾਮ ਹੀ ਸਨ। ਉਨ੍ਹਾਂ ਦੇ ਜਨਮ ਦਿਵਸ 'ਤੇ ਸਭ ਨੂੰ ਲੱਖ ਲੱਖ ਵਧਾਈ।

**–ਸਤਨਾਮ ਸਿੰਘ ਕੈਂਥ**
**ਸਾਬਕਾ ਐਮ. ਪੀ. ਅਤੇ ਐਮ. ਐਲ. ਏ**



ਸਾਡੇ ਸਮਾਜ ਦੇ ਲੋਕ ਜਿਉਂਦੇ ਨੂੰ ਡਾਂਗਾਂ, ਮਰਿਆਂ ਨੂੰ ਬਾਂਗਾਂ ਮਾਰਦੇ ਆ। ਕਬਰਾਂ ਨੂੰ ਪੂਜਦੇ ਨੇ,ਜਿਉਂਦੇ ਨੂੰ ਸੂਲੀ ਚਾੜ੍ਹਦੇ ਆ। ਬੇਗਾਨਿਆਂ ਤੋਂ ਅਪਮਾਨ ਕਰਵਾਉਣ ਦੀ, ਆਪਣਿਆਂ ਦਾ ਅਪਮਾਨ ਕਰਨ ਦੀ ਨਾਮੁਰਾਦ ਬੀਮਾਰੀ ਲੱਗੀ ਹੋਈ ਹੈ। ਸਾਹਿਬ ਕਾਂਸ਼ੀ ਰਾਮ ਨੂੰ ਤਿੰਨ ਸਾਲ ਬੀਮਾਰੀ ਦੇ ਬਹਾਨੇ ਕੈਦ ਕੀਤਾ, ਇਸ ਸਮਾਜ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ। ਅੱਜ ਜਨਮ ਦਿਨ ਬਰਸੀਆਂ ਮਨਾ ਕੇ ਸਮਾਜ ਦੇ ਲੋਕ ਉਨ੍ਹਾਂ ਦੇ ਪੈਰੋਕਾਰ ਬਣੇ ਫਿਰਦੇ ਹਨ। ਹੁਣ ਬੀ ਜੇ ਪੀ ਵਾਲੇ ਵੀ ਕਾਂਸ਼ੀ ਰਾਮ ਸਨਮਾਨ ਯਾਤਰਾ ਕੱਢ ਰਹੇ ਹਨ, ਕੱਲ੍ਹ ਨੂੰ ਹੋਰ ਪਾਰਟੀਆਂ ਵਾਲੇ ਵੀ ਅਜਿਹਾ ਕਰਨ ਲਈ ਤਿਆਰ ਹੋਣਗੇ। ਉਨ੍ਹਾਂ ਦੇ ਅੰਦੋਲਨ ਨਾਲ ਬਣੇ ਲੀਡਰ ਸਮਝੌਤੇ ਕਰਦੇ ਹਨ, ਐਮ ਐਲ ਏ ਬਣਦੇ ਹਨ ਉਨ੍ਹਾਂ ਨੂੰ ਸਾਡਾ ਸਮਾਜ ਮੁੱਖ ਮਹਿਮਾਨ ਬਣਾਉਂਦਾ। ਪੂਨਾ ਪੈਕਟ ਦੀ ਮਨੂੰਵਾਦੀ ਸੋਚ ਵਾਲੇ ਲੋਕ ਹਾਵੀ ਹਨ। ਜਦ ਕਿ ਆਦਿ ਧਰਮ ਅਤੇ ਕਮਿਊਨਲ ਐਵਾਰਡ ਦੀ ਸੋਚ ਵਾਲੇ ਅੱਗੇ ਆਉਣੇ ਚਾਹੀਦੇ ਸੀ। ਸਾਹਿਬ ਦਾ ਅੰਦੋਲਨ ਪੂਨਾ ਪੈਕਟ ਨੂੰ ਰੱਦ ਕਰਨ ਲਈ ਜਿਸਨੂੰ ਉਨ੍ਹਾਂ ਨੇ ਆਪਣੀ ਕਿਤਾਬ ਚਮਚਾ ਏਜ ਵਿਚ ਬੜੇ ਵਿਸਥਾਰ ਨਾਲ ਕਲਮਬੱਧ ਕੀਤਾ ਹੈ ਅਤੇ ਦੱਸਿਆ ਕਿ ਇਸ ਦੇ ਕੀ ਕੀ ਨੁਕਸਾਨ ਹੋਏ। ਉਨ੍ਹਾਂ ਨੇ ਲਿਖਿਆ ਕਿ ਚਮਚਾ ਯੁੱਗ 1932 ਨੂੰ ਸ਼ੁਰੂ ਹੋਇਆ ਜਿਸ ਦਿਨ ਹਿੰਦੂਆਂ ਦੇ ਨੇਤਾ ਮਿਸਟਰ ਗਾਂਧੀ ਅਤੇ ਅੰਬੇਦਕਰ ਵਿਚਕਾਰ ਸਮਝੌਤਾ ਹੋਇਆ। ਇਹ ਸਮਾਜ ਅਖੌਤੀ ਜਾਗ੍ਰਿਤ ਲੋਕ ਪੂਨਾ ਪੈਕਟ ਦਿਵਸ ਮਨਾਉਂਦੇ ਹਨ ਪਰ ਕਮਿਊਨਲ ਐਵਾਰਡ ਦਿਵਸ ਨਹੀਂ ਮਨਾਉਂਦੇ ਜੋ ਸਾਡੀ ਜਿੱਤ ਦਾ ਸੂਚਕ ਕਮਿਊਨਲ ਐਵਾਰਡ ਹੈ। ਇਹ ਸਾਡੇ ਲੀਡਰਾਂ ਦੇ ਸਮੁੱਚੇ ਸੰਘਰਸ਼ ਦਾ ਸਿੱਟਾ ਸੀ। ਪੂਨਾ ਪੈਕਟ ਨੇ ਸਾਡੀ ਧਾਰਮਿਕ ਅਤੇ ਰਾਜਨੀਤਕ ਵੱਖਰੀ ਸਵੈਮਾਣ ਵਾਲੀ ਹੋਂਦ ਦੀ ਭਰੂਣ ਹੱਤਿਆ ਕੀਤੀ। ਸਾਹਿਬ ਨੇ 24 ਸਤੰਬਰ 1982 ਨੂੰ ਪੂਨਾ ਪੈਕਟ ਧਿਕਾਰ ਦਿਵਸ ਮਨਾਇਆ ਅਤੇ ਪੂਨਾ ਤੋਂ ਜਲੰਧਰ ਤੱਕ ਪੂਨਾ ਪੈਕਟ ਰੱਦ ਕਰੋ ਯਾਤਰਾ ਕੀਤੀ। ਅਕਤੂਬਰ 1982 ਨੂੰ ਪਹਿਲੀ ਵਿਸ਼ਾਲ ਰੈਲੀ ਕੀਤੀ। ਪੰਜਾਬ ਸਦਾ ਹੀ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਥੱਲੇ ਆਦਿ ਧਰਮ ਅਤੇ ਕਮਿਊਨਲ ਐਵਾਰਡ ਦਾ ਮੁੱਦਈ ਰਿਹਾ ਹੈ ਤੇ ਪੂਨਾ ਪੈਕਟ ਦੇ ਖਿਲਾਫ ਰਿਹਾ ਹੈ। ਬਾਬੂ ਮੰਗੂ ਰਾਮ ਨੇ ਕਮਿਊਨਲ ਐਵਾਰਡ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ ਡਾ. ਅੰਬੇਦਕਰ ਨਾਲ ਮਿਲ ਕੇ। ਗਾਂਧੀ ਨੇ ਕਮਿਊਨਲ ਐਵਾਰਡ ਦੇ ਵਿਰੋਧ ਵਿਚ ਮਰਨ ਵਰਤ ਰੱਖਿਆ ਤਾਂ ਬਾਬੂ ਮੰਗੂ ਰਾਮ ਨੇ ਉਸ ਸਮੇਂ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਵਿਚ ਇਸ ਦੇ ਹੱਕ ਵਿਚ ਮਰਨ ਵਰਤ ਰੱਖਿਆ ਸੀ।

ਸਾਹਿਬ ਨੇ 15 ਮਾਰਚ 2003ਨੂੰ ਸ਼ਿਵਾ ਜੀ ਪਾਰਕ ਵਿਚ ਕਮਿਊਨਲ ਐਵਾਰਡ ਦਿਵਸ ਮਨਾਇਆ ਸੀ ਜਿਸ ਵਿਚ ਉਨ੍ਹਾਂ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਪ੍ਰਸੰਸਾ ਕੀਤੀ ਅਤੇ ਡਾ. ਅੰਬੇਦਕਰ ਦੇ ਰੋਲ ਤੇ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਦਾ ਇਹ ਭਾਸ਼ਣ ਬਹੁਜਨ ਸੰਗਠਨ ਨਵੀਂ ਦਿੱਲੀ ਵਿਚ ਛਪਿਆ ਸੀ। 28 ਫਰਵਰੀ 2001 'ਚ ਉਨ੍ਹਾਂ ਨੇ ਰੌਸ਼ਨ ਗਰਾਊਂਡ ਹੁਸ਼ਿਆਰਪੁਰ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਪਲੈਟੀਨਮ ਜੁਬਲੀ 75 ਸਾਲਾ ਮਨਾਈ। ਬਾਬੂ ਕਾਂਸ਼ੀ ਰਾਮ ਜੀ ਦੇ ਦਾਦਾ ਜੀ ਬਾਬਾ ਤੇਲੂ ਰਾਮ ਬਾਬੂ ਮੰਗੂ ਰਾਮ ਦੇ ਬੜੇ ਨੇੜਲੇ ਸਾਥੀ ਸਨ।

ਜਿਨ੍ਹਾਂ ਨੇ ਰੋਪੜ -ਆਨੰਦਪੁਰ ਸਾਹਿਬ ਰੋਡ ਤੇ ਭਰਤਗੜ੍ਹ ਕਸਬੇ ਵਿਖੇ ਗੁਰੂ ਰਵਿਦਾਸ ਗੁਰਦੁਆਰਾ ਬਣਾਇਆ ਜਿਸ ਦਾ ਨੀਂਹ ਪੱਥਰ ਬਾਬੂ ਮੰਗੂ ਰਾਮ ਨੇ ਰੱਖਿਆ ਸੀ।

ਮੈਂ 1979 'ਚ ਤਹਿਸੀਲ ਭਲਾਈ ਅਫਸਰ ਦੀ ਨੌਕਰੀ ਛੱਡ ਕੇ ਸਾਹਿਬ ਦੇ ਅੰਦੋਲਨ ਨਾਲ਼ ਜੁੜਨ ਦਾ ਮਾਣ ਮਹਿਸੂਸ ਕਰਦਾ ਹਾਂ। ਸਾਹਿਬ ਕਾਂਸ਼ੀ ਰਾਮ ਦੇ ਬਣਾਏ ਵੱਡੇ ਵੱਡੇ ਲੀਡਰ ਅਕਾਲੀ ਦਲ ਕਾਂਗਰਸ ਭਾਜਪਾ ਦੀ ਝੋਲੀ ਪੈ ਗਏ। ਉਨ੍ਹਾਂ ਦੇ ਅਖੌਤੀ ਵਾਰਸ ਸਟੇਜਾਂ ਤੇ ਨਾਅਰੇ ਲਗਾਉਂਦੇ ਹਨ 'ਹਾਥੀ ਨਹੀਂ ਗਣੇਸ਼ ਹੈ, ਬ੍ਰਹਮਾ ਵਿਸ਼ਨੂੰ ਮਹੇਸ਼ ਹੈ।' 'ਬ੍ਰਾਹਮਣ ਸ਼ੰਖ ਵਜਾਏਗਾ ਹਾਥੀ ਆਗੇ ਜਾਏਗਾ'। ਜਿਸ ਨੇ ਕਾਂਸ਼ੀ ਰਾਮ ਦੀ ਬਹੁਜਨ ਵਿਚਾਰਧਾਰਾ ਦਾ ਕਤਲ ਕਰਕੇ ਆਰ ਐੱਸ ਐੱਸ ਦੀ ਸਰਵਜਨ ਵਿਚਾਰਧਾਰਾ ਦੇ ਪੈਰੋਕਾਰ ਬਣ ਗਏ ਹਨ। ਅਸੀਂ ਸਾਹਿਬ ਦੇ ਮਿਸ਼ਨ ਤੇ ਪਹਿਰਾ ਦੇ ਰਹੇ ਹਾਂ 'ਤੇ ਚਲਦੇ ਰਹਾਂਗੇ ਚਾਹੇ ਇਸ ਦੀ ਕੋਈ ਵੀ ਕੀਮਤ ਚੁਕਾਉਣੀ ਪਵੇ। ਕਿਉਂਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਸਾਹਿਬ ਕਾਂਸ਼ੀ ਰਾਮ ਨੂੰ ਪਾਕਿਸਤਾਨ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਕ੍ਰ-ਮਵਾਰ ਪ੍ਰਸਤਾਵ ਨੂੰ ਰੱਦ ਕਰਕੇ ਆਪਣੇ ਸਿਧਾਤਾਂ ਤੇ ਪਹਿਰਾ ਦਿੱਤਾ। ਮੈਨੂੰ ਡਾਕਟਰ ਅੰਬੇਦਕਰ ਦੀ ਇਸ ਗੱਲ ਵਿਚ ਵਜ਼ਨ ਲਗਦਾ ਹੈ ਕਿ ਇੱਕ ਔਰਤ ਰੋੜੀ ਕੁੱਟਦੀ ਹੈ, ਗਰੀਬ ਪਰ ਅਣਖ ਵਾਲੀ ਹੈ। ਪਰ ਦੂਜੀ ਵੇਸਵਾ ਬਣ ਕੇ ਮੁੰਬਈ ਦੇ ਕੋਠਿਆਂ 'ਚ ਬੈਠੀ ਹੁੰਦੀ ਹੈ।

ਅਸੀਂ ਗਰੀਬ ਅਣਖੀ ਰੋੜੀ ਕੁੱਟਣ ਵਾਲੀਆਂ ਮਾਂਵਾਂ ਦੇ ਲਾਇਕ ਬੱਚੇ ਬਣ ਕੇ ਅਤੇ ਵੇਸਵਾਗਮਨੀ ਲੀਡਰਸ਼ਿਪ ਦਾ ਅਤੇ ਉਨ੍ਹਾਂ ਦੇ ਦੇ ਦੱਲੇ ਦਲਾਲਾਂ ਦਾ ਸਿਰ ਤਲੀ ਤੇ ਧਰਕੇ ਮੁਕਾਬਲਾ ਕਰਾਂਗੇ ਕਿਉਂਕਿ ਸਾਡੇ ਸਤਿਗੁਰੂ ਕਬੀਰ ਜੀ ਨੇ ਕਿਹਾ ਹੈ।

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨੁ ਕੇ ਹੇਤੁ ॥
ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡੈ ਖੇਤ॥
ਉਨ੍ਹਾਂ ਇਹ ਕੀ ਕਿਹਾ ਕਿ
ਜੇ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੋਰੀ ਆਉ॥
ਇਤ ਮਾਰਗ ਪੈਰ ਧਰੀਜੈ॥
ਸਿਰ ਦੀਜੈ ਕਾਣ ਨਾ ਕੀਜੈ॥

ਮੈਂ ਸਰਹੰਦ ਤੋਂ ਅਫਸਰੀ ਛੱਡੀ ਸੀ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਨੀਹਾਂ ਵਿਚ ਚਿਣਿਆਂ ਗਿਆ ਸੀ। ਪਰ ਹਜ਼ਾਰਾਂ ਕਿਲੋਮੀਟਰ ਦੂਰ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਸਖ਼ਸ਼ ਨੇ ਉੱਠ ਕੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਮੈਂ ਆਸ਼ਾਵਾਦੀ ਹਾਂ ਕਿ ਜਿਨ੍ਹਾਂ ਨੇ ਸਾਹਿਬ ਕਾਂਸ਼ੀ ਰਾਮ ਦਾ ਕਤਲ ਕੀਤਾ ਹੈ ਉਨ੍ਹਾਂ ਦੀ ਵੀ ਕਦੇ ਉਸੇ ਤਰ੍ਹਾਂ ਹੀ ਇੱਟ ਨਾਂਲ ਇੱਟ ਖੜਾਕਾਈ ਜਾਵੇਗੀ। ਸਾਹਿਬ ਕਾਂਸ਼ੀ ਰਾਮ ਦਾ ਅੰਦਲਨ ਮਨੀ, ਮਾਫੀਆ ਤੇ ਮੀਡੀਆ ਕੋਲ ਚਲਾ ਗਿਆ ਹੈ। ਮਾਇਆਵਤੀ ਨੇ ਕਾਂਸ਼ੀ ਰਾਮ ਦਾ ਬਹੁਜਨ ਮੀਡੀਆ ਸੈਂਟਰ ਨੋਇਡਾ ਯੂ ਪੀ 54 ਕਰੋੜ ਰੁਪਏ ਦਾ ਵੇਚ ਕੇ ਪੈਸੇ ਖੁਰਦ ਬੁਰਦ ਕਰ ਦਿੱਤੇ। ਮੀਡੀਆ ਦਾ ਕਿਸੇ ਵੀ ਅੰਦੋਲਨ ਵਿਚ ਵੱਡਾ ਮਹੱਤਵ ਹੁੰਦਾ ਹੈ। ਜਿਸ ਬਾਰੇ ਮਰਹੂਮ ਕ੍ਰਾਂਤੀਕਾਰੀ ਨੇਤਾ ਮੇਹਰ ਚੰਦ ਮੇਹਰ ਬੜਾ ਪਿੰਡ ਗੁਰਾਇਆ ਜਲੰਧਰ ਨੇ ਬਾਖੂਬੀ ਲਿਖਿਆ ਹੈ:

ਕੌਮ ਨਹੀਂ ਬਹੁਤਾ ਚਿਰ ਜੀਅ ਸਕਦੀ,
ਜਿਸ ਕੋਲ਼ ਨਹੀਂ ਅਣਖੀ ਵਿਚਾਰ ਹੁੰਦੇ।
ਬਲ, ਵਿਦਿਆ, ਏਕੇ ਤੋਂ ਰਹਿਣ ਖਾਲੀਂ, ਪਾਟੋ ਧਾੜ ਦਾ ਸਦਾ ਸ਼ਿਕਾਰ ਹੁੰਦੇ।
ਨਹੀਂ ਪੁੱਛਦਾ ਕੋਈ ਸਮਾਜ ਅੰਦਰ ਨਾ ਹੀ ਰਾਜ ਦਰਬਾਰ ਅਧਿਕਾਰ ਹੁੰਦੇ।
ਜੀਂਦੇ ਸਦਾ ਗ਼ੁਲਾਮੀ ਦੀ ਜ਼ਿਦਗੀ ਉਹ ਪੈਦਾਵਾਰ ਦੇ ਨਾ ਮੁਖਤਿਆਰ ਹੁੰਦੇ।
ਉਹ ਨਹੀਂ ਮੰਜ਼ਿਲ ਤਰੱਕੀ ਦੀ ਛੋਹ ਸਕਦੇ ਜਿਸ ਕੌਮ ਦੇ ਨਹੀਂ ਅਖ਼ਬਾਰ ਹੁੰਦੇ।

ਅੰਤ ਵਿਚ ਮੈਂ ਉਨ੍ਹਾਂ ਦੇ ਜਨਮ ਦਿਨ ਤੇ ਸਮੁੱਚੀ ਮਾਨਵਤਾ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਆਓ ਪ੍ਰਣ ਕਰੀਏ ਕਿ ਭਾਰਤ ਵਿਚ ਜਾਤੀਵਾਦ ਦੀ ਗੁਲਾਮੀ ਪ੍ਰਥਾ ਖਤਮ ਕਰਕੇ ਹਕੀਕੀ ਤੌਰ ਤੇ ਬੇਗ਼ਮਪੁਰਾ ਸਥਾਪਤ ਕਰੀਏ।

**–ਸੀ.ਐਲ. ਚੁੰਬਰ**
**ਮੁੱਖ ਸੰਪਾਦਕ "ਕੌਮੀ ਉਡਾਰੀਆਂ" (ਜਲੰਧਰ)**



ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਸੰਘਰਸ਼ਮਈ ਜੀਵਨ ਅਤਿ ਕਠਿਨ ਚੁਨੌਤੀਆਂ ਭਰਪੂਰ ਰਿਹਾ। ਪੈਦਲ ਅਤੇ ਸਾਈਕਲ ਤੋਂ ਸ਼ੁਰੂ ਹੋ ਕੇ ਹਵਾਈ ਜਹਾਜ਼ ਤੱਕ ਦੇ ਸਫ਼ਰ ਤੱਕ ਪਹੁੰਚਣ ਵਰਗਾ ਸੰਘਰਸ਼ ਤੈਅ ਕਰਕੇ ਉਨ੍ਹਾਂ ਨੇ ਲੋਕ ਲਹਿਰ ਚਲਾਈ। ਸਧਾਰਨ ਘਰ ਤੋਂ ਪਾਰਲੀਮੈਂਟ ਤੱਕ ਪਹੁੰਚਣ ਵਾਲੇ ਅਤੇ ਯੂ ਪੀ ਵਰਗੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਵਾਂਗਡੋਰ ਕੁਮਾਰੀ ਮਾਇਆਵਤੀ ਦੇ ਹੱਥ ਫੜਾ ਕੇ ਬਹੁਜਨ ਸਮਾਜ ਦੇ ਕਸ਼ਟ ਕੱਟਣ ਦੀ ਸ਼ੁਰੂਆਤ ਕੀਤੀ। ਉਹ ਬਹੁਜਨ ਸਮਾਜ ਨੂੰ ਦਿੱਲੀ ਦੇ ਤਖ਼ਤ ਦਾ ਮਾਲਕ ਦੇਖਣਾ ਚਾਹੁੰਦੇ ਸ਼ਨ। ਉਨ੍ਹਾਂ ਦੀ ਇਹ ਤੀਬਰ ਇੱਛਾ ਪੂਰੀ ਕਰਨਾ ਹੀ ਬਹੁਜਨ ਸਮਾਜ ਦਾ ਉਨ੍ਹਾਂ ਵਾਸਤੇ ਉਨ੍ਹਾਂ ਦੇ ਜਨਮ ਦਿਨ ਦਾ ਤੋਹਫ਼ਾ ਹੋਵੇਗਾ। ਜੈ ਭੀਮ, ਜੈ ਭਾਰਤ

**ਇੰਜੀ.ਅਜੀਤ ਰਾਮ ਗੁਣਾਚੌਰ**
**ਸਰਪੰਚ ਪਿੰਡ ਗੁਣਾਚੌਰ**



ਸਾਹਿਬ ਸ੍ਰੀ ਕਾਂਸ਼ੀ ਰਾਮ ਦਲਿਤਾਂ ਦੇ ਮਹਾਨ ਰਹਿਬਰ ਜਿਨ੍ਹਾਂ ਨੇ ਦਲਿਤਾਂ ਦੇ ਉਥਾਨ ਅਤੇ ਭਾਰਤ ਦੀ ਸਮਾਜਿਕ, ਰਾਜਨੀਤਿਕ ਹਾਲਾਤ ਸੁਧਾਰਨ ਵਾਸਤੇ ਬਹੁਤ ਵੱਡੀ ਭੂਮਿਕਾ ਅਦਾ ਕੀਤੀ। ਦਲਿਤ ਸਮਾਜ ਦੇ 20ਵੀਂ ਸਦੀ ਦੇ ਇਸ ਨਾਇਕ ਦਾ ਨਾਮ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ 'ਤੇ ਸਮੂਹ ਬਹੁਜਨ ਜਗਤ ਨੂੰ ਉਨ੍ਹਾਂ ਦਾ ਮਿਸ਼ਨ ਅੱਗੇ ਲਿਜਾਣ ਲਈ 15 ਮਾਰਚ ਨੂੰ ਸੰਕਲਪ ਲੈਣ ਦੀ ਲੋੜ ਹੈ।

**–ਸਤਨਾਮ ਸੰਧੂ ਖਾਨਖਾਨਾ**
**ਜਨਰਲ ਸਕੱਤਰ ਪੰਜਾਬ**



ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ- ਦਲਿਤ ਸਮਾਜ ਦੇ ਯੁੱਗ-ਪੁਰਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਹੀ ਸਨ ਜਿਨ੍ਹਾਂ ਦੀ ਬਦੌਲਤ ਸਾਨੂੰ ਬਾਵਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਜੀਵਨ ਸੰਘਰਸ਼ ਅਤੇ ਸਮਾਜ ਹਿੱਤ ਕੀਤੀ ਕੁਰਬਾਨੀ ਨੂੰ ਜਾਣਨ ਦੇ ਕਾਬਲ ਹੋ ਸਕੇ ਹਾਂ। ਉਨ੍ਹਾਂ ਦੇ ਸਮਾਜਿਕ ਬਰਾਬਰੀ ਲਈ ਕੀਤੇ ਕਾਰਜਾਂ ਨੂੰ ਭੁਲਾਉਣਾ ਨਹੀਂ ਚਾਹੀਦਾ। ਕੁਝ ਅਖੌਤੀ ਅਤੇ ਗ਼ੈਰ ਮਿਸ਼ਨਰੀ ਲੀਡਰ ਉਨ੍ਹਾਂ ਦੇ ਸੰਘਰਸ਼ ਦਾ ਮੁੱਲ ਵੱਟ ਰਹੇ ਹਨ , ਉਨ੍ਹਾਂ ਤੋ ਸਮਾਜ ਨੂੰ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਦੇ ਜਨਮ ਦਿਨ ਤੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੀ ਰਾਜਨੀਤਿਕ ਸ਼ਕਤੀ ਦਾ ਸਹੀ ਮੁ-ਜਾਹਰਾ ਕਰੀਏ , ਇਹ ਹੀ ਉਨ੍ਹਾਂ ਦੇ ਜਨਮ ਦੀ ਅਸਲ ਮੁਬਾਰਕਬਾਦ ਹੋਵੇਗੀ।

**–ਸੁਰਿੰਦਰ ਢੰਡਾ**
**ਪ੍ਰਧਾਨ, ਅੰਬੇਦਕਰ ਸੈਨਾ ਪੰਜਾਬ**

## ਨਗਰ ਕੀਰਤਨ ਤੇ ਫੁੱਲਾਂ ਦੀ ਵਰਖਾ

# ਇਕ ਅਦਭੁਤ ਨਜ਼ਾਰਾ

ਕੈਲੇਫੋਰਨੀਆ ਦੀਆਂ ਸਾਰੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਨੇ ਰਲ ਕੇ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੀ ਅਗਵਾਈ ਵਿਚ ਸਤਿਗੁਰੂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 637ਵਾਂ ਗੁਰਪੁਰਬ ਦਿਹਾੜਾ ਅਤੇ ਗੁਰੂ ਜੀ ਨੂੰ ਸਮਰਪਿਤ 14ਵਾਂ ਵਿਸ਼ਾਲ ਨਗਰ ਕੀਰਤਨ 9 ਮਾਰਚ ਨੂੰ ਬਹੁਤ ਸ਼ਰਧਾ ਪੂਰਵਕ ਤੇ ਉਲਾਸ ਮਨਾਂ ਨਾਲ ਮਨਾਇਆ ਗਿਆ, ਜਿਸ ਵਿਚ ਜਿੱਥੇ ਭਾਰੀ ਗਿਣਤੀ ਵਿਚ ਗੁਰੂ ਪਿਆਰੀ ਸਾਧ ਸੰਗਤਾਂ ਨੇ ਖ਼ੂਬ ਹਾਜ਼ਰੀਆਂ ਭਰੀਆਂ, ਉਥੇ ਸਿੱਖ ਸਭਾਵਾਂ, ਭਗਵਾਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ, ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾ ਯੂ. ਐਸ. ਏ, ਡਾ. ਅੰਬੇਦਕਰ ਸਭਾਵਾਂ ਤੋਂ ਇਲਾਵਾ ਟੀ. ਵੀ., ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਆਦਿ, ਜਿਹਨਾਂ ਵਿਚ ਵਿਸ਼ੇਸ਼ ਤੌਰ ਤੇ ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੀ ਟੀਮ ਨੇ ਵੀ ਸ਼ਰਧਾ ਪੂਰਵਕ ਸਤਿਗੁਰੂ ਰਵਿਦਾਸ ਜੀ ਨੂੰ ਨਤਮਸਤਕ ਹੁੰਦਿਆਂ ਹਾਜ਼ਰੀ ਭਰੀ।

ਜਿੱਥੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਨੂੰ ਇਸ ਗੱਲ ਦਾ ਮਾਣ ਹਾਸਲ ਹੈ ਕਿ ਉਹ ਉਤਰੀ ਅਮਰੀਕਾ ਦੀ ਪਹਿਲੀ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਗੁਰੂ ਘਰ ਹੈ, ਉਥੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਨੂੰ ਇਸ ਗੱਲ ਦਾ ਮਾਣ ਹੈ ਕਿ ਉਹਨਾਂ ਉਤਰੀ ਅਮਰੀਕਾ ਵਿਚ ਸਤਿਗੁਰੂ ਰਵਿਦਾਸ ਜੀ ਨੂੰ ਸਮਰਪਿਤ ਨਗਰ ਕੀਰਤਨ ਸ਼ੁਰੂ ਕਰਨ ਵਿਚ ਪਹਿਲ ਕੀਤੀ ਅਤੇ ਹੁਣ ਤੱਕ ਲਗਾਤਾਰ ਨਿਰਵਿਘਨ ਜਾਰੀ ਹੈ ਅਤੇ ਸਾਲ 2015 ਨੂੰ 15ਵਾਂ ਵਿਸ਼ਾਲ ਨਗਰ ਕੀਰਤਨ ਹੋਰ ਵਿਸ਼ਾਲ ਕਰਕੇ ਮਨਾਇਆ ਜਾਵੇਗਾ। ਵਿਸ਼ਾਲ ਨਗਰ ਕੀਰਤਨ ਲਗਾਤਾਰ ਕੱਢਦੇ ਰਹਿਣਾ ਅਤੇ ਡੇਢ ਦਹਾਕੇ ਨੂੰ ਪਹੁੰਚ ਜਾਣਾ ਆਪਣੇ ਆਪ ਵਿਚ ਇਕ ਉਪਲਬਧੀ ਕਿਹਾ ਜਾ ਸਕਦਾ ਹੈ। ਇਸ ਵਾਰ ਜਿਸ ਜ਼ੋਰ-ਸ਼ੋਰ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਨੇ ਇਸ ਵਿਸ਼ਾਲ ਨਗਰ ਕੀਰਤਨ ਨੂੰ ਸਭਨਾਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਸੈਕਰਾਮੈਂਟੋ, ਪਿਟਸਬਰਗ, ਬੇ-ਏਰੀਆ, ਯੂਬਾ ਸਿਟੀ, ਫਰਿਜ਼ਨੋ ਤੇ ਸੇਲਮਾ ਦਾ ਕਹਿਣਾ ਸ਼ੁਰੂ ਕੀਤਾ ਹੈ, ਬੜੀ ਹੀ ਫਰਾਖਦਿਲੀ ਅਤੇ ਏਕਤਾ ਦਾ ਸਬੂਤ ਨਜ਼ਰ ਆਉਂਦਾ ਹੈ। ਦੂਸਰੀ ਗੱਲ ਇਸ ਵਾਰ ਹਰੇਕ ਗੁਰੂ ਘਰ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰਪੁਰਬ ਦਿਹਾੜਾ ਅਲੱਗ ਅਲੱਗ ਤਾਰੀਖਾਂ ਨੂੰ ਰਹਿਣਾ ਇਕ ਹੋਰ ਸ਼ੁਭ ਸ਼ਗਨ ਦੀ ਨਿਸ਼ਾਨੀ ਹੈ।

ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ ਨੂੰ ਸਮਰਪਿਤ ਸ੍ਰੀ ਅਖੰਡ ਪਾਠਾਂ ਦੀ ਲੜੀ ਵਿਚ ਵਾਧਾ ਅਤੇ ਸੰਗਤਾਂ ਵਿਚ ਸੇਵਾ ਕਰਨ ਦੀ ਭਾਵਨਾ ਹੋਰਨਾਂ ਲਈ ਪ੍ਰੇਰਨਾ ਸਰੋਤ ਬਣਦੀ ਜਾ ਰਹੀ ਹੈ। ਇਸ ਦੇ ਨਾਲ ਹੀ ਲੋੜ ਹੈ, ਜਿਵੇਂ ਸਤਿਗੁਰੂ ਪ੍ਰਤੀ ਸ਼ਰਧਾ ਹੈ, ਉਵੇਂ ਆਪਸੀ ਪ੍ਰੇਮ ਭਾਵ ਦੀ ਵੀ ਲੋੜ ਹੈ। ਜਿੰਨਾ ਆਪਸੀ ਪ੍ਰੇਮ ਭਾਵ ਜ਼ਿਆਦਾ ਹੋਵੇਗਾ, ਉਨਾ ਸਤਿਗੁਰੂ ਮਿਹਰਬਾਨ ਹੋਣਗੇ। ਇੱਥੋਂ ਦੀ ਪ੍ਰਬੰਧਕ ਕਮੇਟੀ ਸਮੇਂ ਸਮੇਂ ਕੁਝ ਨਾ ਕੁਝ ਨਵਾਂ ਕਰਨਾ ਲੋਚਦੀ ਹੈ, ਜਿਵੇਂ ਕਿ ਅਲੱਗ ਵਰਗਾਂ, ਧਰਮਾਂ, ਸਭਾਵਾਂ ਤੇ ਲੋਕਲ ਪੋਲੀਟੀਕਲ ਲੀਡਰ ਅਤੇ ਸਰਕਾਰੀ ਅਫਸਰਾਂ ਨੂੰ ਸਤਿਕਾਰ ਸਹਿਤ ਸੱਦਾ ਪੱਤਰ ਦੇ ਕੇ ਬੁਲਾਉਣਾ, ਜਿਹਨਾਂ ਵਿਚ ਇੰਡੀਅਨ ਕੌਂਸਲੇਟ ਜਨਰਲ ਆਫਿਸ ਸਾਨਫਰਾਂਸਿਸਕੋ ਨੂੰ ਵੀ ਸੱਦਾ ਪੱਤਰ ਦੇਣਾ ਬਹੁਤ ਸ਼ਲਾਘਾਯੋਗ ਹੈ।

ਇਸ ਵਾਰ ਵਿਸ਼ਾਲ ਨਗਰ ਕੀਰਤਨ ਦੀ ਵਿਸ਼ੇਸ਼ਤਾ ਜੋ ਨਜ਼ਰ ਆਈ, ਉਹ ਹੈ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ। ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ ਮੌਕੇ ਸਪੈਸ਼ਲ ਹੈਲੀਕਾਪਟਰ ਰਾਹੀਂ ਮੇਨ ਫਲੋਟ ਜਿਸ ਉਪਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਹਨ, ਉਪਰ ਤਾਜ਼ੇ ਫੁੱਲਾਂ ਦੀ ਵਰਖਾ ਕੀਤੀ ਗਈ, ਜਿਸ ਦਾ ਅਦਭੁਤ ਨਜ਼ਾਰਾ ਦੇਖਣ ਵਾਲਾ ਸੀ। ਸੰਗਤਾਂ ਦਾ ਮਨ ਇੰਨਾ ਜ਼ਿਆਦਾ ਖੁਸ਼ ਸੀ ਕਿ ਉਹਨਾਂ ਦੀਆਂ ਖੁਸ਼ੀਆਂ ਦੇ ਹੰਝੂਆਂ ਨਾਲ ਭਰੀਆਂ ਅੱਖਾਂ ਗੁਰੂ ਗ੍ਰੰਥ ਸਾਹਿਬ ਉਪਰ ਹੋ ਰਹੀ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਨੂੰ ਉਤਾਂਹ ਆਸਮਾਨ ਵੱਲ (ਬਿਨਾਂ ਅੱਖ ਝਪਕੇ) ਦੋਵੇਂ ਹੱਥ ਜੋੜ ਕੇ ਦੇਖ ਰਹੀਆਂ ਸਨ ਅਤੇ ਮੁਖ ਤੋਂ ਸਤਿਗੁਰੂ ਰਵਿਦਾਸ ਜੀ ਦਾ ਉਚਾਰਿਆ ਪਾਵਨ ਸ਼ਬਦ 'ਐਸੀ ਲਾਲ ਤੁਝ ਬਿਨ ਕੌਨ ਕਰੇ...' ਗਾ ਰਹੀਆਂ ਸਨ।

ਵਾਕਿਆ ਹੀ ਇਹ ਅਦਭੁਤ ਦ੍ਰਿਸ਼ ਦੇਖ ਕੇ ਸਤਿਗੁਰੂ ਰਵਿਦਾਸ ਜੀ ਦਾ ਜੋ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ, ਉਦੋਂ ਕਿੰਨਾ ਹੋਰ ਵੀ ਹਜ਼ਾਰਾਂ ਗੁਣਾਂ ਮਨਮੋਹਕ ਨਜ਼ਾਰਾ ਪੇਸ਼ ਕਰਦਾ ਹੋਵੇਗਾ, ਜਦੋਂ ਉਹਨਾਂ ਦੇ ਸਿਰ ਤੇ ਰਾਜੇ-ਮਹਾਰਾਜਿਆਂ ਨੇ ਛਤਰ ਝੁਲਾਏ ਹੋਣਗੇ। ਅੱਜ ਦੇ ਇਸ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਨ ਦਾ ਸੁਭਾਗ ਸਭਾ ਦੇ ਚੇਅਰਮੈਨ ਬਲਬੀਰ ਕਲੇਰ ਨੂੰ ਜਾਂਦਾ ਹੈ, ਉਥੇ ਹੀ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਨ ਦੀ ਸੇਵਾ ਦਾ ਮੌਕਾ ਪਿਟਸਬਰਗ ਤੋਂ ਸ੍ਰੀ ਐਚ ਐਸ ਬੰਗਾ ਪਰਿਵਾਰ ਨੂੰ ਹਾਸਲ ਹੋਈ। ਇਹ ਉਹਨਾਂ ਦੀ ਦਿਲੀ ਤਮੰਨਾ ਸੀ ਕਿ ਉਹ ਇਹ ਸੇਵਾ ਕਰ ਸਕੇ ਤੇ ਕੀਤੀ। ਉਸ ਲਈ ਸਭਾ ਨੇ ਉਹਨਾਂ ਦਾ ਸਿਰੋਪਾਓ ਤੇ ਸੁੰਦਰ ਪਲੈਕ ਨਾਲ ਮਾਣ ਕੀਤਾ। ਇਹ ਹੈ ਸਤਿਗੁਰੂ ਦੀ ਮਿਹਰ ਦੀ ਕਿਰਪਾ ਤੇ ਸਤਿਗੁਰੂ ਰਵਿਦਾਸ ਜੀ ਦੀ ਅਜਿਹੀ ਕਿਰਪਾ ਹੋਰਨਾਂ ਤੇ ਵੀ ਹੋਵੇ ਤੇ ਸਭਨਾਂ ਦੇ ਦਿਲਾਂ ਅੰਦਰ ਪ੍ਰੇਮ ਭਾਵ ਦੀ ਭਾਵਨਾ ਭਰੇ। ਦਾਸ ਆਪਣੀ ਤਰਫੋਂ ਆਪਣੇ ਪਰਿਵਾਰ ਵੱਲੋਂ ਅਤੇ ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਵੱਲੋਂ ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਨੂੰ ਹਾਰਦਿਕ ਦਿਲੀ ਵਧਾਈ ਦਿੰਦਾ ਹੈ ਅਤੇ ਉਹਨਾਂ ਸਾਰੇ ਪਾਠਕਾਂ ਅਤੇ ਇਸ਼ਤਿਹਾਰਦਾਤਾ ਪਰਿਵਾਰਾਂ ਨੂੰ ਜਿੱਥੇ ਹਾਰਦਿਕ ਵਧਾਈ ਦਿੰਦਾ ਹੈ, ਉਥੇ ਉਹਨਾਂ ਦਾ ਬਹੁਤ ਹੀ ਤਹਿ ਦਿਲੋਂ ਧੰਨਵਾਦ ਕਰਦਾ ਹੈ, ਜਿਹਨਾਂ ਦੀ ਬਦੌਲਤ ਦੋਵੇਂ ਅਖ਼ਬਾਰਾਂ ਪਾਠਕਾਂ ਦੀ ਨਜ਼ਰ ਹੋ ਰਹੀਆਂ ਹਨ। ਸਤਿਗੁਰੂ ਕਿਰਪਾ ਕਰੇ ਉਹਨਾਂ ਦੇ ਪਰਿਵਾਰਾਂ ਨੂੰ ਹਰ ਖੁਸ਼ੀ ਤੇ ਕਾਰੋਬਾਰ ਵਿਚ ਵਾਧਾ ਹੋਵੇ।

– ਪ੍ਰੇਮ ਕੁਮਾਰ ਚੁੰਬਰ

# ਬਹੁਜਨ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ



ਲਖਬੀਰ ਸਿੰਘ ਖਵਾਸਪੁਰ
94173-33126

ਦੱਬੇ ਕੁਚਲੇ ਤੇ ਬੇਸਹਾਰਾ ਤੇ ਛੋਟੀਆਂ ਜਾਤਾਂ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਹਨਾਂ ਦੇ ਨਾਨਕੇ ਪਿੰਡ ਪ੍ਰਿਥਵੀਪੁਰ ਬੁੰਗਾ ਸਾਹਿਬ (ਰੋਪੜ) ਵਿਖੇ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਪਿਤਾ ਹਰੀ ਸਿੰਘ ਦੇ ਘਰ ਹੋਇਆ। ਜੋ ਕਿ ਪਿੰਡ ਖੁਆਸੁਪਰਾ ਦੇ ਰਵਿਦਾਸੀਆ ਜਾਤੀ ਨਾਲ ਸਬੰਧਤ ਸੀ। ਇਹ ਇਤਫਾਕ ਦੀ ਗੱਲ ਹੈ ਕਿ ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਨੇ ਇਸ ਅਦੁੱਤੀ ਸ਼ਖਸੀਅਤ ਨੂੰ ਦੱਬੇ ਕੁਚਲੇ ਲੋਕਾਂ ਦੇ ਸੁਧਾਰ ਕਰਨ ਲਈ ਜਨਮ ਦਿੱਤਾ। ਉਹਨਾਂ ਦਾ ਬਚਪਨ ਖੁਆਸਪੁਰਾ ਬੀਤਿਆ ਅਤੇ ਨਜ਼ਦੀਕੀ ਪਿੰਡ ਮਲਕਪੁਰ ਦੇ ਇਸਲਾਮੀਆ ਸਕੂਲ ਵਿਚ ਆਪਣੀ ਪ੍ਰਾਇਮਰੀ ਸਿੱਖਿਆ ਮਾਣਯੋਗ ਅਬਦੁਲ ਜਬਾਰ ਕੋਲੋਂ ਗ੍ਰਹਿਣ ਕੀਤੀ ਅਤੇ ਹਿੰਦੂ ਹਾਇਰ ਸੈਕੰਡਰੀ ਸਕੂਲ ਰੂਪ-ਨਗਰ ਤੋਂ ਬਾਅਦ ਵਿਚ ਬੀ. ਐਸ. ਸੀ. ਦੀ ਪੜ੍ਹਾਈ ਸਰਕਾਰੀ ਕਾਲਜ ਰੂਪਨਗਰ ਤੋਂ ਹਾਸਲ ਕਰਨ ਉਪਰੰਤ ਖੜ੍ਹਕੀ ਸਥਾਨ ਪੂਨਾ ਮਹਾਰਾਸ਼ਟਰ ਵਿਚ ਡੀ. ਆਰ. ਡੀ. ਓ. ਵਿਚ ਸਹਾਇਕ ਵਿਗਿਆਨਕ ਦੇ ਤੌਰ ਤੇ 1957 ਵਿਚ ਜੁਆਇਨ ਕੀਤਾ। ਉਹ ਸੱਤ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਉਹਨਾਂ ਦੇ ਮੋਢਿਆਂ ਉਤੇ ਘਰ ਦੀ ਜ਼ਿੰਮੇਵਾਰੀ ਵੀ ਸੀ। ਜਦੋਂ ਕਾਂਸ਼ੀ ਰਾਮ ਨੌਕਰੀ ਕਰ ਰਹੇ ਸਨ, ਉਥੇ ਹੋ ਰਹੇ ਜਾਤੀ ਵਿਤਕਰੇ ਨੇ ਉਹਨਾਂ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਉਹਨਾਂ ਦੇ ਜੀਵਨ ਦਾ ਉਹ ਸਮਾਂ ਸੀ, ਜਿਸ ਨੇ ਉਹਨਾਂ ਦੀ ਜ਼ਿੰਦਗੀ ਨੂੰ ਅੱਜ ਦੇ ਇਸ ਮੁਕਾਮ ਤੱਕ ਪਹੁੰਚਾਇਆ। ਉਹਨਾਂ ਨੇ ਉਥੇ ਹੀ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲੇ ਅਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਲਈ ਆਪਣਾ ਜੀਵਨ ਸਮਰਪਿਤ ਕਰਨ ਦੀ ਕਸਮ ਖਾਧੀ। ਉੱਚ ਜਾਤੀਆਂ ਦੇ ਹਿੰਦੂ ਕਿਸ ਤਰ੍ਹਾਂ ਦਲਿਤ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ, ਇਹ ਉਹਨਾਂ ਨੇ ਨੌਕਰੀ ਵਿਚ ਰਹਿ ਕੇ ਮਹਿਸੂਸ ਕੀਤਾ। ਉਹਨਾਂ ਨੇ ਮਹਿਸੂਸ ਕੀਤਾ ਕਿ ਸੱਤਾ ਤੋਂ ਬਿਨਾਂ ਇਨ੍ਹਾਂ ਦਾ ਕੋਈ ਹੱਲ ਨਹੀਂ ਹੋ ਸਕਦਾ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀ ਅਧੂਰੀ ਲੜਾਈ ਨੂੰ ਮੰਜ਼ਿਲ ਤੱਕ ਪਹੁੰਚਾਉਣ ਦਾ ਨਿਸਚਾ ਕੀਤਾ, ਕਿਉਂਕਿ ਜਿਸ ਤਰ੍ਹਾਂ 85 ਫੀਸਦੀ ਲੋਕ ਇਸ ਦੇਸ਼ ਵਿਚ ਵੱਖ ਵੱਖ ਜਾਤਾਂ ਵਿਚ ਵੰਡੇ ਹੋਏ ਹਨ, ਜਦੋਂ ਤੱਕ ਇਹ ਲੋਕ ਇਕ ਪਲੇਟਫਾਰਮ ਤੇ ਇਕੱਠੇ ਨਹੀਂ ਹੁੰਦੇ, ਇਹਨਾਂ ਦਾ ਸੁਧਾਰ ਨਹੀਂ ਹੋ ਸਕਦਾ। ਉਹਨਾਂ ਨੇ ਬਾਮਸੇਫ ਦੀ ਸਥਾਪਨਾ ਕੀਤੀ, ਜਿਸ ਵਿਚ ਮੁਲਾਜ਼ਮ ਵਰਗ ਨੂੰ ਇਕੱਠਾ ਕਰਕੇ ਸੰਘਰਸ਼ ਸ਼ੁਰੂ ਕੀਤਾ। ਇਸੇ ਦੌਰਾਨ ਉਹਨਾਂ ਨੇ ਡੀ. ਐਸ. ਫੋਰ ਦੇ ਮਾਧਿਅਮ ਨਾਲ ਅੰਬੇਦਕਰ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਕਮਰਕੱਸੇ ਕਰ ਲਏ। ਉਹਨਾਂ ਨੇ ਇਹ ਨਿਸਚਾ ਕਰ ਲਿਆ ਕਿ ਉਹ ਨਾ ਤਾਂ ਵਿਆਹ ਕਰਵਾਉਣਗੇ ਤੇ ਨਾ ਹੀ ਆਪਣਾ ਘਰ ਵਸਾਉਣਗੇ ਤੇ ਆਪਣੀ ਜ਼ਿੰਦਗੀ ਨੂੰ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਸੁਧਾਰ ਲਈ ਲਗਾ ਦੇਣਗੇ। ਇਸੇ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ 1984 ਵਿਚ ਉਹਨਾਂ ਨੇ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ ਉਹਨਾਂ ਦੀ ਸਖਤ ਮਿਹਨਤ ਨਾਲ ਬਹੁਜਨ ਸਮਾਜ ਪਾਰਟੀ ਦੀ ਲਹਿਰ ਪੂਰੇ ਭਾਰਤ ਵਿਚ ਚੱਲ ਪਈ ਤੇ ਖ਼ੁਦ ਆਪਣੇ ਬਲਬੂਤੇ ਦਲਿਤ ਲੋਕਾਂ ਦੇ ਸਾਥ ਨਾਲ ਬੀ. ਐਸ. ਪੀ. ਨੂੰ ਰਾਸ਼ਟਰੀ ਪਾਰਟੀ ਬਣਾ ਦਿੱਤਾ। 1992 ਵਿਚ ਬਸਪਾ ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਵਜੋਂ ਸਥਾਪਤ ਹੋ ਚੁੱਕੀ ਸੀ ਅਤੇ ਉਸਦੀ ਸਾਖ ਪੂਰੇ ਦੇਸ਼ ਅੰਦਰ ਵਧਦੀ ਜਾ ਰਹੀ ਸੀ।

ਇੱਥੋਂ ਹੀ ਕਾਂਸ਼ੀ ਰਾਮ ਜੀ ਦੀ ਮਿਹਨਤ ਨੂੰ ਹੋਰ ਵੱਡਾ ਹੁਲਾਰਾ ਮਿਲਿਆ ਅਤੇ ਉਹ ਹਮੇਸ਼ਾ ਬਾਬਾ ਸਾਹਿਬ ਭੀਮ ਰਾਓ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਦਿਨ ਰਾਤ ਇੱਕ ਕਰਦੇ ਰਹੇ। ਉਹ ਦਸਵੀਂ ਲੋਕ ਸਭਾ ਲਈ ਯੂ. ਪੀ. ਦੇ ਈਟਾਵਾ ਅਤੇ ਗਿਆਰਵੀਂ ਲੋਕ ਸਭਾ ਲਈ ਹੁਸ਼ਿਆਰਪੁਰ ਤੋਂ ਐਮ. ਪੀ ਦੀ ਚੋਣ ਜਿੱਤੇ। ਕਾਂਸ਼ੀ ਰਾਮ ਨੇ ਕਦੇ ਵੀ ਰਿਜ਼ਰਵ ਸੀਟ ਤੇ ਇਲੈਕਸ਼ਨ ਨਹੀਂ ਜਿੱਤਿਆ, ਉਹ ਹਮੇਸ਼ਾ ਜਨਰਲ ਸੀਟ ਤੋਂ ਐਮ. ਪੀ. ਜਿੱਤੇ। ਫਿਰ ਉਹ ਰਾਜ ਸਭਾ ਲਈ ਚੁਣੇ ਗਏ। ਕਿਉ-ਂਕਿ ਉਹਨਾਂ ਦਾ ਅਸਲੀ ਮੈਨੀਫੈਸਟੋ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਸੀ, ਨੂੰ ਹੀ ਆਪਣਾ ਮੈਨੀਫੈਸਟੋ ਮੰਨਿਆ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ''ਐਸਾ ਚਾਹੁ ਰਾਜ ਮੈਂ ਜਾਹਾਂ ਮਿਲੇ ਸਭਨ ਕੋ ਅੰਨ ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ' ਨੂੰ ਰਾਜ ਪ੍ਰਾਪਤੀ ਦਾ ਮਾਧਿਅਮ ਚੁਣਿਆ। ਇਸੇ ਵਿਚਾਰਧਾਰਾ ਨੂੰ ਲੋਕਾਂ ਨੇ ਉਹਨਾਂ ਦਾ ਪੂਰਾ ਸਹਿਯੋਗ ਦਿੱਤਾ। ਉਹ ਲੋਕਾਂ ਨੂੰ ਆਰਥਿਕ ਸਮਾਜਿਕ ਅਤੇ ਸਿਆਸੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਚਾਹੁੰਦੇ ਸਨ। ਉਹਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਸੱਤਾ ਦੀ ਚਾਬੀ ਨਾਲ ਦੁਨੀਆਂ ਦਾ ਹਰ ਤਾਲਾ ਖੁੱਲ੍ਹਦਾ ਹੈ। ਉਹਨਾਂ ਨੇ ਲੋਕਾਂ ਦੇ ਅੰਦਰ ਜਾਗਰਤੀ ਲਿਆਂਦੀ ਅਤੇ ਲੋਕਾਂ ਨੇ ਉਹਨਾਂ ਦੀ ਗੱਲ ਨੂੰ ਸਮਝਿਆ ਕਿ ਕਿਸ ਤਰ੍ਹਾਂ ਸੱਤਾ ਦੇ ਕੱਦ ਦੇ ਸਾਹਮਣੇ ਦੁਨੀਆਂ ਦੀ ਹਰ ਚੀਜ਼ ਛੋਟੀ ਨਜ਼ਰ ਆਉਂਦੀ ਹੈ।



ਸਾਹਿਬ ਸ੍ਰੀ ਕਾਂਸ਼ੀ ਰਾਮ ਨਾਲ ਲਖਬੀਰ ਸਿੰਘ ਦੀ ਖੁਆਸਪੁਰ ਵਿਖੇ ਖਿੱਚੀ ਇਕ ਪੁਰਾਣੀ ਤਸਵੀਰ

ਇਸ ਵਿਚਾਰਧਾਰਾ ਨੇ ਉਹਨਾਂ ਨੂੰ ਪੂਰੀ ਦੁਨੀਆਂ ਅੰਦਰ ਪ੍ਰਸਿੱਧ ਕੀਤਾ ਅਤੇ ਲੋਕਾਂ ਨੇ ਉਹਨਾਂ ਨੂੰ ਅੰਬੇਦਕਰ ਸਾਹਿਬ ਦਾ ਦੂਜਾ ਰੂਪ ਮੰਨਣਾ ਸ਼ੁਰੂ ਕਰ ਦਿੱਤਾ। ਹਰ ਗਲੀ ਮੁਹੱਲੇ ਤੋਂ ਨਾਅਰੇ ਗੂੰਜਣ ਲੱਗੇ। ਬਾਬਾ ਸਾਹਿਬ ਦਾ ਦੂਜਾ ਨਾਂ ਕਾਂਸ਼ੀ ਰਾਮ ਕਾਂਸ਼ੀ ਰਾਮ। ਇਸੇ ਦੌਰਾਨ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢ ਕੇ ਇਕ ਕਿਤਾਬ ਲਿਖੀ, ਜਿਸ ਦਾ ਨਾਂ 'ਚਮਚਾ ਯੁੱਗ' ਸੀ। ਇਸ ਕਿਤਾਬ ਵਿਚ ਦੱਸਿਆ ਕਿ ਕਿਸ ਤਰ੍ਹਾਂ ਰਾਜਨੀਤੀ ਵਿਚ ਛਲ-ਕਪਟ ਦੇ ਨਾਲ ਚਮਚੇ ਆਪਣੀਆਂ ਕਰਾਮਾਤਾਂ ਦਿਖਾਉਂਦੇ ਹੋਏ ਸਮਾਜ ਨੂੰ ਗੁੰਮਰਾਹ ਕਰਕੇ ਸੱਤਾ ਦੀ ਕੁਰਸੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇਹ ਕਾਂਸ਼ੀ ਰਾਮ ਦੀ ਸਖਤ ਮਿਹਨਤ ਸੀ ਕਿ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਬਸਪਾ ਨੂੰ ਚਾਰ ਵਾਰ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਅਤੇ ਕਾਂਸ਼ੀ ਰਾਮ ਦੀ ਮਿਹਨਤ ਦੀ ਬਦੌਲਤ ਮਾਇਆਵਤੀ ਪਹਿਲੀ ਦਲਿਤ ਮੁੱਖ ਮੰਤਰੀ ਬਣੀ। ਕਾਂਸ਼ੀ ਰਾਮ ਜੀ ਪੰਜਾਬ ਅੰਦਰ ਪੈਦਾ ਹੋਏ ਇਕਲੌਤੇ ਨੇਤਾ ਸਨ, ਜਿਹਨਾਂ ਨੇ ਰਾਸ਼ਟਰੀ ਪੱਧਰ ਤੱਕ ਆਪਣੀ ਖੁਦ ਦੀ ਪੈਠ ਬਣਾਈ। ਆਪਣੇ ਖਾਸ ਲੋਕਾਂ ਅੰਦਰ ਕਈ ਵਾਰ ਉਹ ਰੋਂਦੇ ਵੀ ਦੇਖੇ ਗਏ ਕਿਉਂਕਿ ਜਿਸ ਇਨਸਾਨ ਨੂੰ ਉਹਨਾਂ ਨੇ ਪਾਰਟੀ ਅੰਦਰ ਜਿੰਨਾ ਵੱਡਾ ਅਹੁਦਾ ਦਿੱਤਾ, ਉਸ ਨੇ ਉਨੀ ਵੱਡੀ ਗਦਾਰੀ ਕੀਤੀ।

ਇਸਦੀ ਸ਼ੁਰੂਆਤ ਉਹਨਾਂ ਦੇ ਜੱਦੀ ਸੂਬੇ ਪੰਜਾਬ ਤੋਂ ਹੀ ਸ਼ੁਰੂ ਹੋਈ ਸੀ। ਇਸ ਤਰ੍ਹਾਂ ਪੂਰੀ ਜ਼ਿੰਦਗੀ ਆਮ ਆਦਮੀ ਦੀ ਤਰ੍ਹਾਂ ਲੋਕਾਂ ਵਿਚ ਵਿੱਚਰਦੇ ਰਹੇ ਅਤੇ ਆਪਣੀ ਕਹਿਣੀ ਅਤੇ ਕਰਨੀ ਉਪਰ ਪੂਰੇ ਉਤਰਦੇ ਰਹੇ। ਆਪਣੀ ਕੋਈ ਵੀ ਨਿੱਜੀ ਜਾਇਦਾਦ ਨਹੀਂ ਬਣਾਈ। ਉਹਨਾਂ ਨੇ ਆਪਣੀ ਮਾਤਾ ਦੇ ਰਹਿਣ ਲਈ 1997 ਵਿਚ ਬੁੰਗਾ ਸਾਹਿਬ ਅੰਦਰ ਇਕ ਘਰ ਬਣਾਇਆ, ਜਿੱਥੇ ਉਹਨਾਂ ਦੀ ਭੈਣ ਸਵਰਨ ਕੌਰ, ਉਹਨਾਂ ਦੀ ਮਾਤਾ ਬਿਸ਼ਨ ਕੌਰ ਦੀ ਸੇਵਾ ਕਰਦੀ ਰਹੀ।

ਕਾਂਸ਼ੀ ਰਾਮ ਅਕਸਰ ਇੱਥੇ ਆਉਂਦੇ ਜਾਂਦੇ ਰਹੇ ਅਤੇ ਦੇਸ਼ ਦੇ ਵੱਡੇ ਨੇਤਾ ਉਹਨਾਂ ਨੂੰ ਮਿਲਣ ਲਈ ਇੱਥੇ ਆਉਂਦੇ ਰਹੇ। ਇਸੇ ਸਮੇਂ ਦੌਰਾਨ ਰਹੱਸਮਈ ਹਾਲਤ ਵਿਚ 8 ਅਕਤੂਬਰ 2006 ਨੂੰ ਉਹਨਾਂ ਦੀ ਭੇਦਭਰੀ ਹਾਲਤ ਵਿਚ ਮੌਤ ਹੋ ਗਈ ਜੋ ਕਿ ਬਹੁਜਨ ਸਮਾਜ ਲਈ ਅੱਜ ਤੱਕ ਬੁਝਾਰਤ ਬਣੀ ਹੋਈ ਹੈ। ਭਾਰਤ ਦੀ ਗਰੀਬ ਜਨਤਾ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿ ਉਹਨਾਂ ਦੀ ਬਣਾਈ ਹੋਈ ਬਸਪਾ ਅੱਜ ਮੌਜੂਦਾ ਸਮੇਂ ਚਮਚਿਆਂ ਅਤੇ ਦਲਾਲਾਂ ਵਿਚ ਘਿਰ ਗਈ ਹੈ।

ਜਿਹਨਾਂ ਲੋਕਾਂ ਨੇ ਦਸ-ਦਸ ਰੁਪਏ ਇਕੱਠੇ ਕਰਕੇ ਇਹ ਪਾਰਟੀ ਬਣਾਈ ਸੀ, ਉਹ ਅੱਜ ਘਰੋਂ ਬੇਘਰ ਹੋ ਗਏ ਹਨ ਅਤੇ ਚਮਚੇ ਅਮੀਰ ਹੋ ਗਏ ਹਨ। ਜਿਸ ਕਾਰਨ ਅੱਜ ਕਾਂਸ਼ੀ ਰਾਮ ਜੀ ਦੀ ਆਤਮਾ ਨੂੰ ਠੇਸ ਪਹੁੰਚ ਰਹੀ ਹੈ ਤੇ ਉਹ ਬਹੁਜਨ ਸਮਾਜ ਪਾਰਟੀ ਜਿਸ ਨੂੰ ਉਹਨਾਂ ਨੇ ਰਾਸ਼ਟਰੀ ਪਾਰਟੀ ਦੇ ਤੌਰ ਤੇ ਸਥਾਪਤ ਕੀਤਾ ਸੀ, ਅੱਜ ਕਈ ਸੂਬਿਆਂ ਅੰਦਰ ਆਪਣੀ ਮਾਨਤਾ ਗੁਆ ਚੁੱਕੀ ਹੈ।

# ਸੈਕਟਰੀ ਬਾਬੂ ਕਾਂਸ਼ੀ ਰਾਮ ਚੈਰੀਟੇਬਲ ਫਾਊਂਡੇਸ਼ਨ

# ਬੜਾ ਸ਼ਰਮਨਾਕ ਸੀ ਪੰਚਾਇਤੀ ਕਾਰਨਾਮਾ

ਪੱਛਮੀ ਬੰਗਾਲ ਦੇ ਇਕ ਆਦਿਵਾਸੀ ਇਲਾਕੇ ਵਿਚ ਇਕ ਲੜਕੀ ਦਾ ਦੂਸਰੀ ਜਾਤੀ ਦੇ ਲੜਕੇ ਨਾਲ ਪਿਆਰ ਹੋਣ ਦੀ ਸਜ਼ਾ ਦੇ ਤੌਰ ਤੇ ਪੰਚਾਇਤ ਨੇ 13 ਲੋਕਾਂ ਨਾਲ ਉਸ ਦਾ ਬਲਾਤਕਾਰ ਕਰਾ ਦਿੱਤਾ। ਇਹ ਸਾਰਾ ਸ਼ਰਮਨਾਕ ਕਾਰਾ ਰਾਤ ਨੂੰ ਨਹੀਂ ਹੋਇਆ, ਬਲਕਿ ਸ਼ਰੇਆਮ ਹੋਇਆ ਅਤੇ ਇਹਨਾਂ 13 ਵਿਚੋਂ ਛੋਟੇ ਲੜਕੇ ਵੀ ਸ਼ਾਮਲ ਸਨ ਅਤੇ ਲੜਕੀ ਦੇ ਬਾਪ ਦੇ ਉਮਰ ਦੇ ਵੀ। ਪੰਚਾਇਤਾਂ ਦੇ ਇਸ ਤਰ੍ਹਾਂ ਦੇ ਫੈਸਲੇ ਦੇਸ਼ ਭਰ ਵਿਚ ਹੁੰਦੇ ਰਹਿੰਦੇ ਹਨ, ਜਿੱਥੇ ਲੋਕਾਂ ਨੂੰ ਬੁਲਾ ਕੇ ਮਨ ਮਰਜ਼ੀ ਦੇ ਫੈਸਲੇ ਕੀਤੇ ਜਾਂਦੇ ਹਨ।

ਇਹਨਾਂ ਫੈਸਲਿਆਂ ਵਿਚ ਕਾਨੂੰਨਾਂ ਦੀ ਤਾਂ ਛੱਡੋ, ਆਦਮੀਅਤ ਦੀ ਚਿੰਤਾ ਨਹੀਂ ਹੁੰਦੀ। ਪੰਚਾਇਤਾਂ ਆਮ ਤੌਰ ਤੇ ਹੈਵਾਨੀਅਤ 'ਤੇ ਸਵਾਰ ਰਹਿੰਦੀਆਂ ਹਨ। ਇਹਨਾਂ ਪੰਚਾਇਤਾਂ ਵਿਚ ਹੱਲਾ ਵੱਧ ਹੁੰਦਾ ਹੈ। ਉਹਨਾਂ ਦਾ ਮੰਨਣਾ ਹੁੰਦਾ ਹੈ ਕਿ ਸਜ਼ਾ ਜਿੰਨੀ ਛੇਤੀ ਹੋਵੇਗੀ, ਉਨਾ ਵੱਧ ਸਬਕ ਸਿਖਾਏਗੀ। ਇਹਨਾਂ ਪੰਚਾਇਤਾਂ ਵਿਚ ਹੱਲਾ ਵੱਧ ਹੁੰਦਾ ਹੈ, ਸਮਝਦਾਰੀ ਦੀ ਗੱਲ ਘੱਟ। ਲੋਕ ਚੜ੍ਹਾ-ਚੜ੍ਹਾ ਦੇ ਦੋਸ਼ ਲਗਾਉਂਦੇ ਹਨ, ਕਿਉਂਕਿ ਬਚਾਅ ਕਰਨ ਵਾਲਾ ਤਾਂ ਕੋਈ ਹੁੰਦਾ ਹੀ ਨਹੀਂ। ਕਸੂਰਵਾਰ ਨੂੰ ਤਾਂ ਬੋਲਣ ਦਾ ਵੀ ਮੌਕਾ ਨਹੀਂ ਦਿੱਤਾ ਜਾਂਦਾ। ਨਿੱਕੇ ਜਿਹੇ ਗੁਨਾਹ ਨੂੰ ਤਿਲ ਦਾ ਤਾੜ ਬਣਾ ਦਿੱਤਾ ਜਾਂਦਾ ਹੈ।

ਇਹਨਾਂ ਪੰਚਾਇਤਾਂ ਵਿਚ ਅਕਸਰ ਇਕ ਪੰਡਾ ਨੁਮਾ ਆਦਮੀ ਜ਼ਰੂਰ ਹੁੰਦਾ ਹੈ। ਕੋਈ ਪੁਜਾਰੀ, ਕੋਈ ਚੇਲਾ, ਕੋਈ ਸਾਧੂ ਜੋ ਆਪਣੇ ਜੋਗੇ ਦਾ ਫਾਇਦਾ ਲੈ ਕੇ ਕਹਾਣੀਆਂ ਸੁਣਾ-ਸੁਣਾ ਕੇ ਉਕਸਾਉਂਦਾ ਹੈ ਕਿ ਫਲਾਣਾ ਦੇਵਤਾ ਨੇ ਉਹ ਸਜ਼ਾ ਦਿੱਤੀ, ਫਲਾਣੀ ਦੇਵੀ ਨੇ ਉਹ ਸਜ਼ਾ ਦਿੱਤੀ। ਲੋਕਾਂ ਨੂੰ ਭਰੋਸਾ ਦਿੱਤਾ ਜਾਂਦਾ ਹੈ ਕਿ ਉਹ ਜੋ ਕਰ ਰਹੇ ਹਨ, ਕਾਨੂੰਨ ਦੇ ਅਨੁਸਾਰ ਹੋਵੇ ਜਾਂ ਨਾ ਹੋਵੇ, ਧਰਮ ਦੇ ਅਨੁਸਾਰ ਤਾਂ ਠੀਕ ਹੈ।

ਪੰਚਾਇਤਾਂ ਵਿਚ ਆਮ ਤੌਰ ਤੇ ਆਪਣੀ ਦੁਸ਼ਮਣੀ ਕੱਢੀ ਜਾਂਦੀ ਹੈ, ਕਿਉਂਕਿ ਪਿੰਡਾਂ ਵਿਚ ਹਰੇਕ ਕੋਈ ਹੁਣ ਇਕ-ਦੂਸਰੇ ਦਾ ਦੁਸ਼ਮਣ ਹੋਣ ਲੱਗਾ ਹੈ। ਊਚ-ਨੀਚ ਦਾ ਸਵਾਲ ਵੀ ਬਹੁਤ ਹੁੰਦਾ ਹੈ।

ਆਮ ਤੌਰ ਤੇ ਪੰਚਾਇਤਾਂ ਵਿਚ ਪੰਚ ਉੱਚੀਆਂ ਜਾਤੀਆਂ ਦੇ ਹੁੰਦੇ ਹਨ ਅਤੇ ਇਕ ਜਾਤੀ ਦੀ ਪੰਚਾਇਤ ਹੋਵੇ ਤਾਂ ਵੀ ਪੰਚ ਉਹੀ ਹੁੰਦਾ ਹੈ, ਜੋ ਜ਼ਿਆਦਾ ਰਸੂਖ ਰੱਖਣ ਵਾਲਾ ਹੋਵੇ। ਉਹ ਆਪਣੀ ਪੁਰਾਣੀਆਂ ਸਾਰੀਆਂ ਦੁਸ਼ਮਣੀਆਂ ਕੱਢਦਾ ਹੈ।

ਪੱਛਮੀ ਬੰਗਾਲ ਦੇ ਇਸ ਮਾਮਲੇ ਵਿਚ ਦੋਸ਼ ਮਮਤਾ ਬੈਨਰਜੀ ਦੇ ਸਿਰ ਮੜ੍ਹਿਆ ਜਾਂਦਾ ਰਿਹਾ ਹੈ ਅਤੇ ਪੁਲਿਸ ਮਹਿਕਮੇ ਨੂੰ ਨਿਕੰਮਾ ਦੱਸਿਆ ਜਾ ਰਿਹਾ ਹੈ ਪਰ ਅਸਲੀ ਦੋਸ਼ੀ, ਧਰਮ ਦੇ ਦੁਕਾਨਦਾਰ ਬਚ ਜਾਂਦੇ ਹਨ। ਪੰਚਾਂ ਨੂੰ, ਬਲਾਤਕਾਰ ਕਰਨ ਵਾਲਿਆਂ ਨੂੰ ਫੜਿਆ ਵੀ ਜਾਵੇ, ਜੇਲ੍ਹ ਵੀ ਹੋ ਜਾਵੇ ਤਾਂ ਵੀ ਉਹ ਜਿਸ ਨੇ ਜਾਤੀ ਨੂੰ ਆਦਮੀਅਤ ਨਾਲੋਂ ਵੱਧ ਮਜ਼ਬੂਤ ਬਣਾਇਆ ਸੀ, ਸਾਫ ਬਚ ਜਾਵੇਗਾ। ਮਮਤਾ ਬੈਨਰਜੀ ਚਾਹੇ ਤਾਂ ਵੀ ਅੰਧ ਵਿਸ਼ਵਾਸੀਆਂ ਦੇ ਖਿਲਾਫ ਮੋਰਚਾ ਨਹੀਂ ਖੋਲ੍ਹ ਸਕਦੀ, ਕਿਉ-ਂਕਿ ਫਿਰ ਸਾਰੇ ਧਰਮਾਂ ਦੇ ਦੁਕਾਨਦਾਰ ਇਕੱਠੇ ਹੋ ਕੇ ਉਸ 'ਤੇ ਹਮਲਾ ਕਰ ਦੇਣਗੇ।



– ਨਿਰਮਲ ਚੌਹਾਨ
91-94631- 61691

ਅਦਾਲਤਾਂ ਵਿਚ ਚੱਕਰ ਇਹ ਬਲਾਤਕਾਰੀ ਚਾਹੇ ਲਗਾ ਲੈਣ, ਪਰ ਧਰਮ ਦੇ ਦੁਕਾਨਦਾਰ ਜੋ ਰੀਤੀ-ਰਿਵਾਜ, ਪ੍ਰੰਪਰਾਵਾਂ, ਪੰਚਾਇਤਾਂ ਦੇ ਨਿਯਮਾਂ, ਮਨਚਾਹੀਆਂ ਸਜ਼ਾਵਾਂ ਦਿੰਦੇ ਹਨ, ਬਚ ਨਿਕਲਣਗੇ। ਲੋੜ ਹੈ ਇਸ ਗੱਲ ਦੀ ਕਿ ਧਰਮਾਂ ਦੇ ਨਾਂ 'ਤੇ ਬਣੀ ਸਰਕਾਰ ਦੇ ਬਰਾਬਰ ਦੀ ਤਾਨਾਸ਼ਾਹੀ ਨੂੰ ਖਤਮ ਕਰਾਇਆ ਜਾਵੇ। ਅਫਸੋਸ ਇਹ ਹੈ ਕਿ ਹੁਣ ਤਾਂ ਧਰਮ ਨੂੰ ਥੋਪਣ ਦੇ ਲਈ ਰਾਜਨੀਤੀ ਵਰਤੀ ਜਾ ਰਹੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

**ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਡਕਰ ਟਾਈਮਜ਼" 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ।**

# 'ਮੈਂ ਨਾਸਤਿਕ ਕਿਉਂ ਹਾਂ'- ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ



ਐਚ. ਐਲ. ਕਪੂਰ
1-289-401-0728

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਵੱਲ ਤੇ ਆਜ਼ਾਦੀ ਪ੍ਰਾਪਤੀ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦ ਭਗਤ ਸਿੰਘ ਨੇ ਹੀ ਦੇਸ਼ ਦੇ ਨੌਜਵਾਨਾਂ ਵਿਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾ ਕੇ, ਅੱਗ ਨਾਲ ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਭਗਤ ਸਿੰਘ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਗਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਭਗਤ ਸਿੰਘ ਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਸਹਿਯੋਗ ਦਿੰਦੇ ਤਾਂ ਦੇਸ਼ ਸਮੇਂ ਤੋਂ ਪਹਿਲਾਂ ਆਜ਼ਾਦ ਹੋ ਜਾਂਦਾ ਤੇ ਉਸ ਸਮੇਂ ਹੋਰ ਮਾਣ ਮਹਿਸੂਸ ਕਰਦੇ। ਪ੍ਰੰਤੂ ਦੇਸ਼ ਦੇ ਇਕ ਨੌਜਵਾਨ ਕ੍ਰਾਂਤੀਕਾਰੀ ਨੂੰ ਫਾਂਸੀ ਦੇ ਦਿੱਤੀ ਲੇਕਿਨ ਮਰਨ ਤੋਂ ਬਾਅਦ ਵੀ ਭਗਤ ਸਿੰਘ ਨਹੀਂ ਮਰੇ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛੱਲ ਅਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਬੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਅਤੇ ਗੁੱਸੇ ਨੂੰ ਤਾਕ ਤੇ ਰੱਖ ਕੇ ਬੈਠੇ ਹਨ, ਉਹਨਾਂ ਲਈ ਭਗਤ ਸਿੰਘ ਇਕ ਆਦਰਸ਼ ਸ਼ਖਸੀਅਤ ਹੈ, ਜਿਹਨਾਂ ਨੂੰ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਜੇਲ੍ਹ ਵਿਚ ਤਕਰੀਬਨ ਭਗਤ ਸਿੰਘ ਦੋ ਸਾਲ ਰਹੇ। ਇਸ ਦੌਰਾਨ ਉਹ ਆਪਣੇ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜੇਲ੍ਹ ਵਿਚ ਉਹਨਾਂ ਨੇ ਆਪਣਾ ਅਧਿਐਨ ਬਰਾਬਰ ਜਾਰੀ ਰੱਖਿਆ। ਉਸ ਸਮੇਂ ਦੇ ਲਿਖੇ ਗਏ ਲੇਖ ਤੇ ਆਪਣੇ ਸਕੇ-ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ, ਅੱਜ ਵੀ ਉਹਨਾਂ ਦੀ ਵਿਚਾਰਧਾਰਾ ਦਾ ਦਰਪਣ ਹਨ। ਉਹਨਾਂ ਨੇ ਆਪਣੇ ਲਿਖੇ ਗਏ ਲੇਖਾਂ ਵਿਚ ਕਈ ਤਰ੍ਹਾਂ ਨਾਲ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਵਿਚ ਉਹਨਾਂ ਨੇ ਲਿਖਿਆ ਹੈ ਕਿ ਜਿਹੜਾ ਵੀ ਵਿਅਕਤੀ ਮਜ਼ਦੂਰਾਂ ਦਾ ਸ਼ੋਸ਼ਣ ਕਰਦਾ ਹੈ, ਉਹ ਭਾਵੇਂ ਭਾਰਤੀ ਹੀ ਕਿਉਂ ਨਾ ਹੋਵੇ, ਉਹ ਸਾਡਾ ਦੁਸ਼ਮਣ ਹੈ। ਉਹਨਾਂ ਨੇ ਜੇਲ੍ਹ ਵਿਚ ਇਕ ਲੇਖ ਅੰਗਰੇਜ਼ੀ ਵਿਚ ਲਿਖਿਆ ਜਿਸ ਦਾ ਸਿਰਲੇਖ ਸੀ 'ਮੈਂ ਨਾਸਤਿਕ ਕਿਉਂ ਹਾਂ?'

ਇਸ ਲੇਖ ਵਿਚ ਮੈਂ ਪਾਠਕਾਂ ਸਾਹਮਣੇ ਸ. ਭਗਤ ਸਿੰਘ ਜੀ ਦੇ ਵਿਚਾਰ ਕਿ 'ਮੈਂ ਨਾਸਤਿਕ ਕਿਉਂ ਹਾਂ?' ਹੀ ਰੱਖ ਰਿਹਾ ਹਾਂ। ਆਪਣੇ ਲੇਖ ਵਿਚ ਉਹ ਪ੍ਰਮਾਤਮਾ ਜਾਂ ਰੱਬ ਜਾਂ ਈਸ਼ਵਰ ਬਾਰੇ ਅਨੇਕਾਂ ਪ੍ਰਸ਼ਨ ਖੜ੍ਹੇ ਕਰਦੇ ਹਨ। ਇਹਨਾਂ ਪ੍ਰਸ਼ਨਾਂ ਵਿਚ ਉਹਨਾਂ ਨੇ ਪ੍ਰਮਾਤਮਾ ਕੀ ਹੈ? ਕਿਉਂ ਹੈ? ਤੇ ਕਿਵੇਂ ਹੈ? ਦੇ ਪ੍ਰਸ਼ਨ ਸਾਹਮਣੇ ਲਿਆ ਕੇ ਤੇ ਉਹਨਾਂ ਪ੍ਰਸ਼ਨਾਂ ਦੀ ਵਿਆਖਿਆ ਕਰਕੇ ਪ੍ਰਮਾਤਮਾ ਦੀ ਹੋਂਦ ਨੂੰ ਕਿਸੇ ਚਾਤਰ ਮਨੁੱਖ ਦੀ ਆਪਣੇ ਸੁਆਰਥਾਂ ਦੀ ਪੂਰਤੀ ਹਿੱਤ ਨਿਰੀ ਕਲਪਨਾ ਮਾਤਰ ਹੀ ਦੱਸਿਆ ਹੈ ਤੇ ਅੰਤ ਵਿਚ ਮਨੁੱਖ ਨੂੰ ਸੰਦੇਸ਼ ਵੀ ਦਿੱਤਾ ਹੈ ਕਿ ਹੇ ਮਨੁੱਖ! ਤੂੰ ਆਪਣੀ ਹਰ ਸਮੱਸਿਆ ਤੇ ਦੁੱਖਾਂ 'ਚੋਂ ਤਾਂ ਹੀ ਮੁਕਤ ਹੋ ਸਕਦਾ ਹੈ ਜੇਕਰ ਇਹਨਾਂ ਦੁੱਖਾਂ ਦੇ ਕਾਰਨ ਲੱਭ ਕੇ, ਇਹਨਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਹੱਲ ਕਰੇਗਾ।

ਹਰ ਦੁੱਖ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ, ਜੋ ਮਨੁੱਖ ਦੀ ਸਫਲਤਾ ਜਾਂ ਅਸਫਲਤਾ ਦਾ ਕਾਰਨ ਬਣਦਾ ਹੈ। ਇਹਨਾਂ ਮਾਨਵੀ ਦੁੱਖਾਂ, ਮੁਸੀਬਤਾਂ ਆਦਿ 'ਚੋਂ ਨਿਕਲਣ ਲਈ ਸੰਘਰਸ਼ ਕਰਨ ਦੀ ਰਾਹ ਤੇ ਆਪਣੇ ਨਿਸ਼ਾਨੇ ਵੱਲ ਦ੍ਰਿੜ੍ਹ ਇਰਾਦੇ ਨਾਲ ਕੀਤਾ ਗਿਆ ਸੰਕਲਪ ਹੀ ਇਹਨਾਂ ਮੁਸੀਬਤਾਂ ਦਾ ਸਹੀ ਹੱਲ ਹੈ, ਨਾ ਕਿ ਹੱਥ ਜੋੜ ਕੇ ਪ੍ਰਾਰਥਨਾ ਕਰਨ ਵਿਚ। ਇਸ ਲਈ ਭਗਤ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਮਾਤਮਾ ਦੀ ਹੋਂਦ ਨਿਰੀ ਕਲਪਨਾਤਿਕ ਹੀ ਹੈ ਤੇ ਮੈਂ ਇਸ ਨੂੰ ਨਹੀਂ ਮੰਨਦਾ ਤੇ ਮੈਂ ਇਸੇ ਕਰਕੇ ਹੀ ਨਾਸਤਿਕ ਹਾਂ। ਉਹਨਾਂ ਦੇ ਉਕਤ ਲੇਖ ਦੀ ਵਿਆਖਿਆ ਕਿ 'ਮੈਂ ਨਾਸਤਿਕ ਕਿਉਂ ਹਾਂ' ਨਿਮਨ ਲਿਖਤ ਅਨੁਸਾਰ ਹੈ:

ਨਿਆਸ਼ਾਸਤ ਦੇ ਸਰਵਾਅਧਿਕਾਰ ਵਿਧਾਨਾਂ ਦੇ ਅਨੁਸਾਰ, ਦੰਡ ਜਾਂ ਸਜ਼ਾ ਦੇ ਅਪਰਾਧੀ ਤੇ ਪੈਣ ਵਾਲੇ ਪ੍ਰਭਾਵ ਦੇ ਆਧਾਰ ਤੇ ਕੇਵਲ ਤਿੰਨ, ਚਾਰ ਕਾਰਨਾਂ ਨਾਲ ਉਚਿਤ ਠਹਿਰਾਇਆ ਜਾ ਸਕਦਾ ਹੈ। ਉਹ ਹਨ ਬਦਲਾ ਲੈਣਾ, ਡਰ ਅਤੇ ਸੁਧਾਰ। ਅੱਜ ਸਾਰੇ ਪ੍ਰਗਤੀਸ਼ੀਲ ਚਿੰਤਕਾਂ ਦੁਆਰਾ ਬਦਲਾ ਲੈਣ ਦੇ ਸਿਧਾਂਤ ਦੀ ਨਿੰਦਾ ਕੀਤੀ ਜਾਂਦੀ ਹੈ। ਭੈ-ਭੀਤ ਕਰਨ ਦੇ ਸਿਧਾਂਤ ਦਾ ਅੰਤ ਵੀ ਇਹੀ ਹੈ। ਕੇਵਲ ਸੁਧਾਰ ਕਰਨ ਦਾ ਸਿਧਾਂਤ ਹੀ ਜ਼ਰੂਰੀ ਹੈ ਅਤੇ ਮਾਨਵਤਾ ਦੀ ਪ੍ਰਗਤੀ ਦਾ ਅਟੁੱਟ ਅੰਗ ਹੈ।

ਇਸ ਦਾ ਉਪਦੇਸ਼ ਅਪਰਾਧੀ ਨੂੰ ਇਕ ਅਤਿਅੰਤ ਕਾਬਲ ਤਥਾ ਸ਼ਾਂਤੀ ਪਸੰਦ ਨਾਗਰਿਕ ਦੇ ਰੂਪ ਵਿਚ ਸਮਾਜ ਨੂੰ ਵਾਪਸ ਕਰਨਾ ਹੈ। ਪ੍ਰੰਤੂ ਜੇਕਰ ਅਸੀਂ ਇਸ ਗੱਲ ਨੂੰ ਮੰਨ ਵੀ ਲਈਏ ਕਿ ਕੁਝ ਮਨੁੱਖਾਂ ਨੇ (ਪੂਰਵ ਜਨਮ ਵਿਚ ਭਾਵ ਪਿਛਲੇ ਜਨਮ ਵਿਚ) ਪਾਪ ਕੀਤੇ ਹਨ ਤਾਂ ਪ੍ਰਮਾਤਮਾ ਦੁਆਰਾ ਦਿੱਤੇ ਗਏ ਦੰਡ ਦੀ ਪ੍ਰਕਿਰਤੀ ਕੀ ਹੈ? ਤੁਸੀਂ ਕਹਿੰਦੇ ਹੋ ਉਹ ਜੀਵਾਂ ਨੂੰ ਗਾਂ, ਬਿੱਲੀ, ਦਰਖਤ, ਜੜੀ-ਬੂਟੀਆਂ ਜਾਂ ਜਾਨਵਰ ਬਣਾ ਕੇ ਪੈਦਾ ਕਰਦਾ ਹੈ। ਤੁਸੀਂ ਇਸ ਨੂੰ 84 ਲੱਖ ਦੰਡ ਜਾਂ ਜਨਮ ਗਿਣਾਉਂਦੇ ਹੋ। ਮੈਂ ਪੁੱਛਦਾ ਹਾਂ ਕਿ ਮਨੁੱਖ ਨੂੰ ਸੁਧਾਰਕ ਦੇ ਤੌਰ ਤੇ ਇਸ ਦਾ ਕੀ ਅਸਰ ਹੈ? ਤੁਸੀਂ ਇਸ ਤਰ੍ਹਾਂ ਦੇ ਕਿੰਨੇ ਵਿਅਕਤੀਆਂ ਨੂੰ ਮਿਲੇ ਹੋ ਜੋ ਇਹ ਕਹਿੰਦੇ ਹਨ ਕਿ ਉਹ ਕਿਸੇ ਪਾਪ ਦੇ ਕਾਰਨ ਆਪਣੇ ਪਿਛਲੇ ਜਨਮ ਵਿਚ ਗਧੇ ਦੇ ਰੂਪ ਵਿਚ ਪੈਦਾ ਹੋਏ ਸਨ? ਇਕ ਵੀ ਨਹੀਂ, ਆਪਣੇ ਪੁਰਾਣਾਂ 'ਚੋਂ ਉਦਾਹਰਣਾਂ ਮੱਤ ਦਿਓ। ਮੇਰੇ ਪਾਸ ਤੁਹਾਡੀਆਂ ਪੁਰਾਣਕ ਕਥਾਵਾਂ ਲਈ ਕੋਈ ਥਾਂ ਨਹੀਂ ਹੈ ਅਤੇ ਤੁਹਾਨੂੰ ਪਤਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗਰੀਬ ਹੋਣਾ ਹੈ? ਗਰੀਬੀ ਇਕ ਸਰਾਪ ਹੈ, ਇਹ ਇਕ ਦੰਡ ਹੈ। ਮੈਂ ਪੁੱਛਦਾ ਹਾਂ ਕਿ ਅਪਰਾਧ-ਵਿਗਿਆਨ, ਨਿਆਸ਼ਾਸਤਰ ਜਾਂ ਵਿਧੀ ਸ਼ਾਸਤਰ ਦੇ ਇਕ ਅਜਿਹੇ ਵਿਧਾਨ ਦੀ ਤੁਸੀਂ ਕਿੱਥੋਂ ਤੱਕ ਪ੍ਰਸੰਸਾ ਕਰੋਗੇ, ਜਿਹੜਾ ਕਿਸੇ ਅਜਿਹੀ ਦੰਡ ਪ੍ਰਕਿਰਿਆ ਦੀ ਵਿਵਸਥਾ ਕਰੇ ਜਾਂ ਦੂਸਰੇ ਸ਼ਬਦਾਂ ਵਿਚ ਮਨੁੱਖ ਨੂੰ ਜਾਂ ਜ਼ਿਆਦਾਤਰ ਅਪਰਾਧ ਕਰਨ ਵਾਲੇ ਨੂੰ ਦੰਡ ਨਿਸ਼ਚਿਤ ਕਰੇ? ਕੀ ਤੁਹਾਡੇ ਪ੍ਰਮਾਤਮਾ ਨੇ ਇਹ ਨਹੀਂ ਸੋਚਿਆ ਸੀ? ਜਾਂ ਉਸ ਨੂੰ ਵੀ ਇਹ ਸਾਰੀਆਂ ਗੱਲਾਂ-ਮਾਨਤਾਵਾਂ ਦੁਆਰਾ ਅਥਾਹ ਕਸ਼ਟਾਂ ਨੂੰ ਝੱਲਣ ਦੀ ਕੀਮਤ ਤੇ-ਤਜਰਬੇ ਜਾਂ ਅਨੁਭਵ ਨਾਲ ਸਿੱਖਣੀ ਸੀ? ਤੁਸੀਂ ਕੀ ਸੋਚਦੇ ਹੋ? ਕਿਸੇ ਗਰੀਬ ਜਾਂ ਅਨਪੜ੍ਹ ਪਰਿਵਾਰ, ਜਿਸ ਤਰ੍ਹਾਂ




ਇਕ ਦਲਿਤ ਜਾਂ ਕਿਸੇ ਮਿਹਨਤਕਸ਼ ਦੇ ਘਰ ਪੈਦਾ ਹੋਣ ਨਾਲ ਇਨਸਾਨ ਦੀ ਕਿਸਮਤ ਕੀ ਹੋਵੇਗੀ? ਕਿਉਂਕਿ ਉਹ ਗਰੀਬੀ ਹੈ, ਇਸ ਲਈ ਪੜ੍ਹਾਈ ਨਹੀਂ ਕਰ ਸਕਦਾ। ਉਹ ਆਪਣੇ ਉਹਨਾਂ ਸਾਥੀਆਂ ਤੋਂ ਪੱਛੜਿਆ ਤੇ ਗਰੀਬ ਰਹਿੰਦਾ ਹੈ, ਜਿਹੜੇ ਲੋਕ ਉਚੀ ਜਾਤੀ ਵਿਚ ਪੈਦਾ ਹੋਣ ਦੀ ਵਜ੍ਹਾ ਨਾਲ ਆਪਣੇ ਆਪ ਨੂੰ ਉਚੇ ਸਮਝਦੇ ਹਨ। ਉਸ ਦਾ ਗਿਆਨ, ਉਸ ਦੀ ਗਰੀਬੀ ਤੇ ਉਸ ਨਾਲ ਕੀਤਾ ਗਿਆ ਵਿਵਹਾਰ ਉਸ ਦੇ ਹਿਰਦੇ ਨੂੰ ਸਮਾਜ ਪ੍ਰਤੀ ਕਠੋਰ ਬਣਾ ਦਿੰਦੇ ਹਨ। ਮਨ ਲਓ ਅਗਰ ਉਹ ਕੋਈ ਪਾਪ ਕਰਦਾ ਹੈ ਤਾਂ ਉਸ ਦਾ ਫਲ ਕੌਣ ਭੋਗੇਗਾ? ਪ੍ਰਮਾਤਮਾ ਖੁਦ ਜਾਂ ਉਹ ਖੁਦ ਜਾਂ ਸਮਾਜ ਦੇ ਧਾਰਮਿਕ ਠੇਕੇਦਾਰ? ਅਤੇ ਤੁਸੀਂ ਉਹਨਾਂ ਦੇ ਦੰਡ ਬਾਰੇ ਕੀ ਕਹੋਗੇ, ਜਿਹਨਾਂ ਨੂੰ ਦੰਭੀ ਅਤੇ ਘੁਮੰਡੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨੀ ਤੇ ਅਨਪੜ੍ਹ ਬਣਾਈ ਰੱਖਿਆ ਅਤੇ ਜਿਹਨਾਂ ਨੂੰ ਤੁਹਾਡੀਆਂ ਗਿਆਨ ਦੀਆਂ ਪਵਿੱਤਰ ਪੁਸਤਕਾਂ-ਵੇਦਾਂ ਦੇ ਕੁਝ ਵਾਕ ਸੁਣ ਲੈਣ ਕਾਰਨ ਕੰਨਾਂ ਵਿਚ ਪਿਘਲੇ ਹੋਏ ਸ਼ੀਸ਼ੇ ਦਾ ਤਰਲ ਪਾ ਦਿੱਤਾ ਜਾਂਦਾ ਸੀ ਤੇ ਇਸ ਸਜ਼ਾ ਨੂੰ ਭੁਗਤਣਾ ਪੈਂਦਾ ਸੀ? ਜੇਕਰ ਉਹ ਕੋਈ ਅਪਰਾਧ ਕਰਦੇ ਹਨ ਤਾਂ ਉਸ ਲਈ ਕੌਣ ਜ਼ਿੰਮੇਵਾਰ ਹੋਵੇਗਾ ਤੇ ਉਸ ਦੀ ਸਜ਼ਾ ਜਾਂ ਦੰਡ ਕੌਣ ਭੁਗਤੇਗਾ? ਮੇਰੇ ਪਿਆਰੇ ਦੋਸਤੋ, ਇਹ ਸਾਰੇ ਸਿਧਾਂਤ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਦੇ ਦਿੱਤੇ ਹੋਏ ਹਨ। ਇਹ ਆਪਣੀ ਹਥਿਆਈ ਹੋਈ ਸ਼ਕਤੀ, ਪੂੰਜੀ ਤੇ ਉੱਚਤਾ ਨੂੰ ਇਹਨਾਂ ਸਿਧਾਂਤਾਂ ਦੇ ਆਧਾਰ ਤੇ ਸਹੀ ਠਹਿਰਾਉਂਦੇ ਹਨ। ਜੀ ਹਾਂ, ਸ਼ਾਇਦ ਉਹ ਅਪਰਨ ਸਿਕਲੇਮਾਰ ਹੀ ਸੀ, ਜਿਸ ਨੇ ਕਿਸੇ ਥਾਂ ਲਿਖਿਆ ਸੀ ਕਿ 'ਮਨੁੱਖ ਨੂੰ ਸਿਰਫ ਆਤਮਾ ਦੇ ਅਮਰ ਹੋਣ ਦਾ ਵਿਸ਼ਵਾਸ ਕਰਾ ਦਿਓ ਅਤੇ ਉਸ ਤੋਂ ਬਾਅਦ ਉਸ ਦੀ ਸਾਰੀ ਧੰਨ ਦੌਲਤ ਦੇ ਪੂੰਜੀ ਲੁੱਟ ਲਓ। ਉਹ ਬਿਨਾਂ ਕਿਸੇ ਰੁਕਾਵਟ ਦੇ ਇਸ ਕੰਮ ਵਿਚ ਤੁਹਾਡੀ ਸਹਾਇਤਾ ਕਰੇਗਾ। ਧਰਮ ਦੇ ਉਪਦੇਸ਼ਕਾਂ ਤੇ ਸੱਤਾ ਦੇ ਸਵਾਮੀਆਂ ਦੇ ਸੰਗਠਨ ਨਾਲ ਹੀ ਜੇਲ੍ਹ, ਫਾਂਸੀ, ਕੋੜੇ ਅਤੇ ਇਹ ਸਿਧਾਂਤ ਉਪਜਦੇ ਹਨ।

ਮੈਂ ਪੁੱਛਦਾ ਹਾਂ ਤੁਹਾਡਾ ਸਰਵ-ਸ਼ਕਤੀਮਾਨ ਪ੍ਰਮਾਤਮਾ ਹਰ ਵਿਅਕਤੀ ਨੂੰ ਉਸ ਸਮੇਂ ਕਿਉਂ ਨਹੀਂ ਰੋਕਦਾ, ਜਦ ਕੋਈ ਪਾਪ ਜਾਂ ਅਪਰਾਧ ਕਰ ਰਿਹਾ ਹੁੰਦਾ ਹੈ? ਇਹ ਤਾਂ ਉਹ ਬਹੁਤ ਆਸਾਨੀ ਨਾਲ ਕਰ ਸਕਦਾ ਹੈ। ਉਸ ਨੇ ਕਿਉਂ ਨਹੀਂ ਲੜਾਕੂ ਰਾਜਿਆਂ ਨੂੰ ਜਾਂ ਉਹਨਾਂ ਅੰਦਰ ਲੜਨ ਦੀ ਇੱਛਾ ਨੂੰ ਸਮਾਪਤ ਨਹੀਂ ਕੀਤਾ। ਇਸ ਤਰ੍ਹਾਂ ਸੰਸਾਰ ਯੁੱਧ ਦੁਆਰਾ ਮਾਨਵਤਾ ਤੇ ਪੈਣ ਵਾਲੀ ਬਿਪਤਾ ਤੋਂ ਕਿਉਂ ਨਹੀਂ ਬਚਾਇਆ? ਉਸਨੇ ਅੰਗਰੇਜ਼ਾਂ ਦੇ ਮਨ ਵਿਚ ਭਾਰਤ ਨੂੰ ਮੁਕਤ ਕਰਨ ਦੀ ਭਾਵਨਾ ਕਿਉਂ ਨਹੀਂ ਪੈਦਾ ਕੀਤੀ? ਉਹ ਕਿਉਂ ਨਹੀਂ ਪੂੰਜੀਪਤੀਆਂ ਦੇ ਹਿਰਦੇ ਵਿਚ ਇਹ ਪਰ ਉਪਕਾਰੀ ਉਤਸ਼ਾਹ ਭਰ ਦਿੰਦਾ ਕਿ ਉਹ ਉਤਪਾਦਨ ਦੇ ਸਾਧਨਾਂ ਤੇ ਵਿਅਕਤੀਗਤ ਸੰਪਤੀ ਦਾ ਆਪਣਾ ਅਧਿਕਾਰ ਤਿਆਗ ਦੇਵੇ ਅਤੇ ਇਸ ਪ੍ਰਕਾਰ ਨਾ ਕੇਵਲ ਪੂਰਾ ਮਿਹਨਤਕਸ਼ ਵਰਗ, ਸਮੁੱਚਾ ਮਾਨਵ ਵਰਗ, ਪੂੰਜੀਵਾਦ ਦੀਆਂ ਬੇੜੀਆਂ ਤੋਂ ਮੁਕਤ ਹੋ ਜਾਵੇ। ਤੁਸੀਂ ਸਮਾਜਵਾਦ ਦੀ ਵਿਵਹਾਰਿਕਤਾ ਤੇ ਤਰਕ ਕਰਨਾ ਚਾਹੁੰਦੇ ਹੋ। ਮੈਂ ਇਸ ਨੂੰ ਤੁਹਾਡੇ ਸਰਵ-ਸ਼ਕਤੀਮਾਨ ਤੇ ਛੱਡ ਦਿੰਦਾ ਹਾਂ ਕਿ ਉਹ ਇਸ ਨੂੰ ਲਾਗੂ ਕਰੇ। ਜਿੱਥੇ ਤੱਕ ਜਨ-ਸਮੂਹ ਦੀ ਭਲਾਈ ਦੀ ਗੱਲ ਹੈ, ਲੋਕ ਸਮਾਜਵਾਦ ਦੇ ਗੁਣਾਂ ਨੂੰ ਮੰਨਦੇ ਹਨ ਪਰ ਉਹ ਇਸਦੇ ਵਿਵਹਾਰਿਕ ਨਾ ਹੋਣ ਦਾ ਬਹਾਨਾ ਲੈ ਕੇ ਇਸ ਦਾ ਵਿਰੋਧ ਕਰਦੇ ਹਨ। ਚਲੋ! ਤੁਹਾਡਾ ਪ੍ਰਮਾਤਮਾ ਆਵੇ ਤੇ ਉਹ ਹਰ ਚੀਜ਼ ਨੂੰ ਸਹੀ ਤਰੀਕੇ ਨਾਲ ਕਰ ਦੇਵੇ। ਹੁਣ ਘੁੰਮ-ਫਿਰ ਕੇ ਤਰਕ ਕਰਨ ਦਾ ਯਤਨ ਨਾ ਕਰੋ, ਇਹ ਸਭ ਵਿਕਾਰ ਦੀਆਂ ਗੱਲਾਂ ਹਨ। ਮੈਂ ਆਪ ਨੂੰ ਇਹ ਦੱਸ ਦਿੰਦਾ ਹਾਂ ਕਿ ਅੰਗਰੇਜ਼ਾਂ ਦੀ ਹਕੂਮਤ ਇੱਥੇ ਇਸ ਲਈ ਨਹੀਂ ਹੈ ਕਿ ਪ੍ਰਮਾਤਮਾ ਚਾਹੁੰਦਾ ਹੈ, ਬਲਕਿ ਇਸ ਲਈ ਹੈ ਕਿ ਉਹਨਾਂ ਕੋਲ ਤਾਕਤ ਹੈ ਤੇ ਸਾਡੇ ਪਾਸ ਉਹਨਾਂ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹਨਾਂ ਨੇ ਸਾਨੂੰ ਆਪਣੇ ਪ੍ਰਮਾਤਮਾ ਦੀ ਤਾਕਤ ਨਾਲ ਗੁਲਾਮ ਨਹੀਂ ਰੱਖਿਆ ਹੋਇਆ, ਬਲਕਿ ਬੰਦੂਕਾਂ, ਰਾਈਫਲਾਂ, ਬੰਬ ਅਤੇ ਗੋਲੀਆਂ, ਪੁਲਿਸ ਅਤੇ ਸੈਨਾ ਦੇ ਸਹਾਰੇ ਗੁਲਾਮ ਬਣਾਇਆ ਹੋਇਆ ਹੈ। ਇਹ ਸਾਡੀ ਹੀ ਉਦਾਸੀਨਤਾ ਹੈ ਕਿ ਉਹ ਸਮਾਜ ਦੇ ਵਿਰੁੱਧ ਸਭ ਤੋਂ ਨਿੰਦਣਯੋਗ ਅਪਰਾਧ- ਇਕ ਰਾਸ਼ਟਰ ਦਾ ਦੂਜੇ ਰਾਸ਼ਟਰ ਦੁਆਰਾ ਅੱਤਿਆਚਾਰ ਪੂਰਨ ਸ਼ੋਸ਼ਣ-ਸਫਲਤਾ ਪੂਰਵਕ ਕਰ ਰਹੇ ਹਨ। ਕਿੱਥੇ ਹੈ ਪ੍ਰਮਾਤਮਾ? ਉਹ ਕੀ ਕਰ ਰਿਹਾ ਹੈ? ਕੀ ਪ੍ਰਮਾਤਮਾ ਮਨੁੱਖ ਜਾਤੀ ਦੇ ਇਹਨਾਂ ਕਸ਼ਟਾਂ ਦਾ ਸੁਆਦ ਲੈ ਰਿਹਾ ਹੈ? ਉਹ ਨੀਰੋ ਹੈ, ਚੰਗੇਜ਼ ਹੈ, ਤਾਂ ਉਸ ਦਾ ਨਾਸ਼ ਹੋਵੇ।

ਕੀ ਤੁਸੀਂ ਮੈਨੂੰ ਪੁੱਛਦੇ ਹੋ ਕਿ ਮੈਂ ਇਸ ਵਿਸ਼ਵ ਦੀ ਉਤਪੱਤੀ ਤੇ ਮਾਨਵ ਦੀ ਉਤਪੱਤੀ ਦੀ ਵਿਆਖਿਆ ਕਿਸ ਤਰ੍ਹਾਂ ਕਰਦਾ ਹਾਂ। ਠੀਕ ਹੈ, ਮੈਂ ਤੁਹਾਨੂੰ ਦੱਸਦਾ ਹਾਂ। ਚਾਰਲਸ ਡਾਰਵਨ ਨੇ ਇਸ ਵਿਸ਼ਵ ਦੀ ਉਤਪੱਤੀ ਬਾਰੇ ਆਪਣੇ ਕੁਝ ਵਿਚਾਰ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੂੰ ਪੜ੍ਹੋ। ਸੋਹਣ ਸੁਆਮੀ ਦੀ 'ਸਹਜ ਗਿਆਨ' ਪੜ੍ਹੋ। ਤੁਹਾਨੂੰ ਕਿਸੇ ਹੱਦ ਤੱਕ ਉੱਤਰ ਮਿਲ ਜਾਵੇਗਾ। ਇਹ 'ਵਿਸ਼ਵ-ਸ੍ਰਿਸ਼ਟੀ' ਇਕ ਪ੍ਰਾਕਿਰਤਕ ਘਟਨਾ ਹੈ। ਭਿੰਨ ਭਿੰਨ ਪਦਾਰਥਾਂ ਦੇ ਅਣੂਆਂ ਦੇ ਆਕਾਰ ਦੇ ਮਿਸ਼ਰਣ ਨਾਲ ਰਸਾਇਣਿਕ ਪਰਿਵਰਤਨ ਹੋਣ ਨਾਲ, ਇਹ ਧਰਤੀ ਹੋਂਦ ਵਿਚ ਆਈ। ਕਦੋਂ? ਇਤਿਹਾਸ ਦੇਖੋ। ਇਸ ਪ੍ਰਕਾਰ ਦੀ ਘਟਨਾ ਨਾਲ ਜੀਵ-ਜੰਤੂ ਪੈਦਾ ਹੋਏ ਅਤੇ ਇਕ ਲੰਮੇ ਦੌਰ ਬਾਅਦ ਮਾਨਵ ਪੈਦਾ ਹੋਇਆ। ਡਾਰਵਨ ਦੀ 'ਜੀਵ ਦੀ ਉਤਪੱਤੀ' ਪੜ੍ਹੋ। ਅਤੇ ਇਹ ਸਾਰਾ ਵਿਕਾਸ ਮਨੁੱਖ ਦੁਆਰਾ ਪ੍ਰਕਿਰਤੀ ਨਾਲ ਲਗਾਤਾਰ ਸੰਘਰਸ਼ ਤੇ ਇਸ ਤੇ ਜਿੱਤ ਪ੍ਰਾਪਤ ਕਰਨ ਦੀ ਚੇਸ਼ਟਾ ਨਾਲ ਪੈਦਾ ਹੋਇਆ। ਇਹ ਇਸ ਘਟਨਾ ਦੀ ਸੰਖੇਪ ਜਿਹੀ ਸੰਭਵ ਵਿਆਖਿਆ ਹੈ।

ਤੁਹਾਡਾ ਦੂਸਰਾ ਤਰਕ ਇਹ ਹੋ ਸਕਦਾ ਹੈ ਕਿ ਇਕ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਪੈਦਾ ਹੁੰਦਾ ਹੈ? ਅਗਰ ਇਹ ਉਸ ਦੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ ਹੈ ਤਾਂ? ਜੀਵ ਵਿਗਿਆਨੀਆਂ ਨੇ ਇਸ ਦਾ ਵਿਗਿਆਨਕ ਸਮਾਧਾਨ ਕੱਢਿਆ ਹੈ। ਉਹਨਾਂ ਅਨੁਸਾਰ ਇਸ ਦੀ ਸਾਰੀ ਜ਼ਿੰਮੇਵਾਰੀ ਮਾਤਾ-ਪਿਤਾ ਦੇ ਕੰਧਿਆਂ ਤੇ ਨਿਰਭਰ ਕਰਦੀ ਹੈ, ਜਿਹੜੇ ਆਪਣੀਆਂ ਉਹਨਾਂ ਜ਼ਿੰਮੇਵਾਰੀਆਂ ਦੀ ਲਾਪਰਵਾਹੀ ਕਰਦੇ ਹਨ ਜੋ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਨੂੰ ਅਪੰਗ ਬਣਾ ਦਿੰਦੀਆਂ ਹਨ।

ਇਹ ਸੰਭਵ ਹੈ ਕਿ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ- ਉਹ ਇਹ ਹੈ ਕਿ ਜੇਕਰ ਪ੍ਰਮਾਤਮਾ ਕਿਤੇ ਨਹੀਂ ਹੈ ਤਾਂ ਲੋਕ ਇਸ ਵਿਚ ਵਿਸ਼ਵਾਸ ਕਿਉਂ ਕਰਦੇ ਹਨ? ਮੇਰਾ ਉਤਰ ਬੜਾ ਸੰਖੇਪ ਤੇ ਸਪਸ਼ਟ ਹੋਵੇਗਾ- ਜਿਸ ਤਰ੍ਹਾਂ ਲੋਕ ਭੂਤ-ਪਰੇਤ ਤੇ ਦੁਸ਼ਟ ਆਤਮਾ ਵਿਚ ਵਿਸ਼ਵਾਸ ਕਰਨ ਲੱਗੇ, ਉਸੇ ਤਰ੍ਹਾਂ ਹੀ ਪ੍ਰਮਾਤਮਾ ਨੂੰ ਮੰਨਣ ਲੱਗ ਪਏ। ਫਰਕ ਸਿਰਫ ਇੰਨਾ ਹੈ ਕਿ ਪ੍ਰਮਾਤਮਾ ਵਿਚ ਵਿਸ਼ਵਾਸ ਵਿਸ਼ਵ-ਵਿਆਪੀ ਹੈ ਅਤੇ ਉਸ ਦਾ ਦਰਸ਼ਨ ਅਤਿਅੰਤ ਵਿਕਸਤ ਹੈ। ਇਸ ਦੇ ਬਾਵਜੂਦ ਵੀ ਮੈਂ ਇਸ ਦੀ ਉਤਪੱਤੀ ਦਾ ਸਿਹਰਾ ਉਹਨਾਂ ਵਿਸ਼ੇਸ਼ ਵਿਅਕਤੀਆਂ ਦੀ ਪ੍ਰਤਿਭਾ ਨੂੰ ਨਹੀਂ ਦਿੰਦਾ, ਜਿਹੜੇ ਪ੍ਰਮਾਤਮਾ ਦੀ ਹੋਂਦ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਆਪਣੇ ਵੱਸ ਵਿਚ ਰੱਖਣਾ ਚਾਹੁੰਦੇ ਹਨ ਅਤੇ ਆਪਣੀ ਵਿਸ਼ੇਸ਼ ਸਥਿਤੀ ਦਾ ਅਧਿਕਾਰ ਆਪਣੇ ਕੋਲ ਰੱਖ ਕੇ ਆਪਣੀ ਪੂਜਾ ਚਾਹੁੰਦੇ ਹਨ। ਜਦਕਿ ਮੇਰਾ ਮੂਲ ਬਿੰਦੂ ਤੇ ਉਹਨਾਂ ਨਾਲ ਵਿਰੋਧ ਨਹੀਂ ਹੈ ਕਿ ਸਾਰੇ ਧਰਮ, ਸੰਪਰਦਾਵਾਂ, ਪੰਥ ਤੇ ਹੋਰ ਅਜਿਹੀਆਂ ਸੰਸਥਾਵਾਂ ਅੰਤ ਵਿਚ ਨਿਰਦਈ ਤੇ ਸ਼ੋਸ਼ਿਤ ਸੰਸਥਾਵਾਂ, ਵਿਅਕਤੀਆਂ ਤੇ ਵਰਗਾਂ ਦੀ ਸਮਰਥਕ ਹੋ ਜਾਂਦੀ ਹੈ। ਰਾਜਿਆਂ ਦੇ ਵਿਰੁੱਧ ਵਿਦਰੋਹ ਹਰ ਧਰਮ ਵਿਚ ਸਦਾ ਪਾਪ ਹੀ ਰਿਹਾ ਹੈ।

ਈਸ਼ਵਰ ਦੀ ਉਤਪੱਤੀ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਮਨੁੱਖ ਨੇ ਆਪਣੀਆਂ ਸੀਮਾਵਾਂ, ਦੁਰਬਲਤਾ ਤੇ ਕਮੀਆਂ ਨੂੰ ਸਮਝਣ ਦੇ ਬਾਅਦ ਇੰਤਜ਼ਾਰ ਦੀਆਂ ਘੜੀਆਂ ਦਾ ਬਹਾਦਰੀ ਨਾਲ ਸਾਹਮਣਾ ਕਰਨ, ਆਪਣੇ ਆਪ ਨੂੰ ਉਤਸ਼ਾਹਿਤ ਕਰਨ, ਸਭ ਖਤਰਿਆਂ ਦਾ ਮਰਦਾਨਗੀ ਨਾਲ ਮੁਕਾਬਲਾ ਕਰਨ ਤਥਾ ਸੰਪਨਤਾ ਤੇ ਐਸ਼ ਪ੍ਰਸਤੀ ਵਿਚ ਬੱਝਣ ਲਈ ਈਸ਼ਵਰ ਦੀ ਕਾਲਪਨਿਕ ਹੋਂਦ ਦੀ ਰਚਨਾ ਕੀਤੀ ਗਈ। ਆਪਣੇ ਵਿਅਕਤੀਗਤ ਨਿਯਮਾਂ ਅਤੇ ਆਪਣੀਆਂ ਅਨੁਭਵੀ ਉਦਾਰਤਾ ਨਾਲ ਪੂਰਨ ਪਰਮਾਤਮਾ ਦੀ ਵਧਾਅ-ਚੜ੍ਹਾਅ ਕੇ ਕਲਪਨਾ ਅਤੇ ਚਿੱਤਰਣਾ ਕੀਤੀ ਹੈ। ਜਦ ਉਸ ਦੀ ਉਗਰਤਾ ਤੇ ਵਿਅਕਤੀਗਤ ਨਿਯਮਾਂ ਦੀ ਚਰਚਾ ਹੁੰਦੀ ਹੈ ਤਾਂ ਉਸ ਦਾ ਉਪਯੋਗ ਇਕ ਡਰਾਉਣ ਵਾਲੇ ਦੇ ਰੂਪ ਵਿਚ ਕੀਤਾ ਜਾਂਦਾ ਹੈ ਤਾਂ ਉਸ ਦਾ ਉਪਯੋਗ ਇਕ ਪਿਤਾ, ਮਾਤਾ, ਭਾਈ, ਭੈਣ, ਦੋਸਤ ਅਤੇ ਸਹਾਇਕ ਦੀ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਮਨੁੱਖ ਆਪਣੇ ਸਾਰੇ ਦੋਸਤਾਂ ਦੇ ਵਿਸ਼ਵਾਸਘਾਤ ਅਤੇ ਉਹਨਾਂ ਦੁਆਰਾ ਤਿਆਗ ਦੇਣ ਨਾਲ ਅਤਿਅੰਤ ਦੁਖੀ ਹੋਵੇ ਤਾਂ ਉਸ ਨੂੰ ਇਸ ਵਿਚਾਰ ਨਾਲ ਤਸੱਲੀ ਮਿਲ ਸਕਦੀ ਹੈ ਕਿ ਇਕ ਸੱਚਾ ਦੋਸਤ ਉਸ ਦੀ ਸਹਾਇਤਾ ਕਰਨ ਲਈ ਹੈ, ਉਸ ਨੂੰ ਸਹਾਰਾ ਦੇਵੇਗਾ, ਜੋ ਕਿ ਸਰਵ-ਸ਼ਕਤੀਮਾਨ ਹੈ ਤੇ ਉਹ ਕੁਝ ਵੀ ਕਰ ਸਕਦਾ ਹੈ। ਵਾਸਤਵ ਵਿਚ ਇਹ ਆਦਮ ਕਾਲ ਵਿਚ ਇਕ ਸਮਾਜ ਲਈ ਲਾਭਕਾਰੀ ਸੀ। ਮੁਸੀਬਤਾਂ ਵਿਚ ਪਏ ਹੋਏ ਮਨੁੱਖ ਲਈ ਰੱਬ ਦੀ ਕਲਪਨਾ ਸਹਾਇਕ ਹੁੰਦੀ ਹੈ।

ਸਮਾਜ ਨੂੰ ਇਸ ਪ੍ਰਮਾਤਮਾ ਦੇ ਵਿਸ਼ਵਾਸ ਵਿਰੁੱਧ ਉਸੇ ਤਰ੍ਹਾਂ ਲੜਨਾ ਪਵੇਗਾ, ਜਿਸ ਤਰ੍ਹਾਂ ਮੂਰਤੀ-ਪੂਜਾ ਤੇ ਧਰਮ ਸਬੰਧੀ ਸੁੰਦਰ ਵਿਚਾਰਾਂ ਦੇ ਵਿਰੁੱਧ ਲੜਨਾ ਪਿਆ ਸੀ। ਇਸ ਤਰ੍ਹਾਂ ਮਨੁੱਖ ਜਦੋਂ ਆਪਣੇ ਪੈਰਾਂ ਤੇ ਖੜ੍ਹੇ ਹੋਣ ਦਾ ਯਤਨ ਕਰਨ ਲੱਗੇ ਅਤੇ ਯਥਾਰਥਵਾਦੀ ਬਣ ਜਾਵੇ ਤਾਂ ਉਸ ਨੂੰ ਪ੍ਰਮਾਤਮਾ ਦੀ ਸ਼ਰਧਾ ਨੂੰ ਇਕ ਪਾਸੇ ਸੁੱਟ ਦੇਣਾ ਚਾਹੀਦਾ ਹੈ ਅਤੇ ਉਹਨਾਂ ਸਾਰੇ ਕਸ਼ਟਾਂ, ਪ੍ਰੇਸ਼ਾਨੀਆਂ ਤੇ ਔਕੜਾਂ ਦਾ ਬੜੀ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ, ਇਸ ਤਰ੍ਹਾਂ ਹਾਲਾਤ ਪਲਟਾ ਲਿਆ ਸਕਦੇ ਹਨ।

ਮੇਰੀ ਸਥਿਤੀ ਅੱਜ ਉਹੀ ਹੈ। ਇਹ ਮੇਰੀ ਹੰਕਾਰ ਜਾਂ ਹਉਮੈ ਨਹੀਂ। ਮੇਰੇ ਦੋਸਤੋ, ਇਹ ਮੇਰੇ ਸੋਚਣ ਦਾ ਹੀ ਤਰੀਕਾ ਹੈ, ਜਿਸ ਨੇ ਮੈਨੂੰ ਨਾਸਤਿਕ ਬਣਾਇਆ ਹੈ। ਮੈਂ ਨਹੀਂ ਜਾਣਦਾ ਕਿ ਪ੍ਰਮਾਤਮਾ ਵਿਚ ਵਿਸ਼ਵਾਸ ਅਤੇ ਰੋਜ਼-ਰੋਜ਼ ਦੀ ਪ੍ਰਾਰਥਨਾ- ਜਿਸ ਨੂੰ ਮੈਂ ਮਨੁੱਖ ਦਾ ਸਭ ਤੋਂ ਵੱਧ ਸਵਾਰਥਪੁਣਾ ਅਤੇ ਇਕ ਗਿਰਿਆ ਹੋਇਆ ਕੰਮ ਮੰਨਦਾ ਹਾਂ- ਮੇਰੇ ਲਈ ਸਹਾਇਕ ਸਿੱਧ ਹੋਵੇਗੀ ਜਾਂ ਮੇਰੇ ਹਾਲਾਤਾਂ ਨੂੰ ਹੋਰ ਵੀ ਚੌਪਟ ਕਰ ਦੇਵੇਗੀ। ਮੈਂ ਉਹਨਾਂ ਨਾਸਤਿਕਾਂ ਬਾਰੇ ਪੜ੍ਹਿਆ ਹੈ ਜਿਹਨਾਂ ਨੇ ਹਰ ਮੁਸੀਬਤ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਹੈ। ਅਖੀਰ ਮੈਂ ਵੀ ਇਕ ਮਰਦ ਦੀ ਤਰ੍ਹਾਂ ਫਾਂਸੀ ਦੇ ਫੰਦੇ ਦੀ ਅੰਤਿਮ ਘੜੀ ਤੱਕ ਸਿਰ ਉੱਚਾ ਚੁੱਕ ਕੇ ਖੜ੍ਹਾ ਰਹਿਣਾ ਚਾਹੁੰਦਾ ਹਾਂ।

ਦੇਖਣਾ ਹੈ ਕਿ ਮੈਂ ਇਸ ਕਸਵੱਟੀ ਤੇ ਕਿੰਨਾ ਕੁ ਖਰਾ ਉਤਰਦਾ ਹਾਂ। ਮੇਰੇ ਇਕ ਦੋਸਤ ਨੇ ਮੈਨੂੰ ਪ੍ਰਾਰਥਨਾ ਕਰਨ ਲਈ ਕਿਹਾ। ਜਦੋਂ ਮੈਂ ਉਸ ਨੂੰ ਆਪਣੇ ਨਾਸਤਿਕ ਹੋਣ ਦੀ ਗੱਲ ਦੱਸੀ ਤਾਂ ਉਸ ਨੇ ਕਿਹਾ, 'ਦੇਖ ਲੈਣਾ, ਆਪਣੇ ਅੰਤਿਮ ਦਿਨਾਂ ਵਿਚ ਤੁਸੀਂ ਈਸ਼ਵਰ ਨੂੰ ਮੰਨਣ ਲੱਗੋਗੇ। ਮੈਂ ਕਿਹਾ, 'ਨਹੀਂ ਪਿਆਰੇ ਦੋਸਤ, ਇਸ ਤਰ੍ਹਾਂ ਨਹੀਂ ਹੁੰਦਾ। ਇਸ ਤਰ੍ਹਾਂ ਕਰਨਾ ਮੇਰੇ ਲਈ ਅਪਮਾਨਜਨਕ ਤੇ ਹਾਰ ਮੰਨ ਜਾਣ ਵਾਲੀ ਗੱਲ ਹੋਵੇਗੀ।

ਸਵਾਰਥ ਲਈ ਮੈਂ ਈਸ਼ਵਰ ਦੀ ਪ੍ਰਾਰਥਨਾ ਨਹੀਂ ਕਰੂੰਗਾ। ਪਾਠਕੋ ਅਤੇ ਮੇਰੇ ਪਿਆਰੇ ਦੋਸਤੋ! ਕੀ ਇਹ ਹੰਕਾਰ ਹੈ? ਅਗਰ ਇਹ ਇਸ ਤਰ੍ਹਾਂ ਹੈ ਤਾਂ ਮੈਂ ਇਸ ਨੂੰ ਸਵੀਕਾਰ ਕਰਦਾ ਹਾਂ।

# ਸ਼ਹੀਦ ਇੰਸਪੈਕਟਰ ਤਿਲਕ ਰਾਜ ਸਿੰਘ ਦਾ ਪਿੰਡ ਭਰੋਲੀ ਵਿਚ ਸਰਕਾਰੀ ਸਨਮਾਨਾਂ ਨਾਲ਼ ਸਸਕਾਰ








ਛੱਤੀਸ਼ਗੜ੍ਹ ਸੂਬੇ ਦੇ ਸੁਕਮਾ ਜ਼ਿਲ੍ਹੇ ਵਿਚ ਨਕਸਲੀਆਂ ਦੇ ਹਮਲੇ ਵਿਚ ਸ਼ਹੀਦ ਹੋਏ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਰੋਲੀ ਦੇ ਸੀ.ਆਰ.ਪੀ.ਐਫ਼. ਦੇ ਇੰਸਪੈਕਟਰ ਤਿਲਕ ਰਾਜ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਸ਼ਹੀਦ ਤਿਲਕ ਰਾਜ ਦੀ ਸ਼ਹਾਦਤ ਦੀ ਖਬਰ ਦੇ ਪਿੰਡ ਪਹੁੰਚਣ ਤੇ ਪਿੰਡ ਤੇ ਇਲਾਕੇ ਵਿਚ ਮਾਹੌਲ ਸੋਗਮਈ ਹੋ ਗਿਆ। ਦੂਸਰੇ ਦਿਨ ਉਨ੍ਹਾਂ ਦੀ ਤਿਰੰਗੇ 'ਚ ਲਿਪਟੀ ਮ੍ਰਿਤਕ ਦੇਹ ਪਿੰਡ ਭਰੋਲੀ ਵਿਖੇ ਪਹੁੰਚੀ ਜਿੱਥੇ ਉਨ੍ਹਾਂ ਦਾ ਸਰਕਾਰੀ ਸਨਮਾਨਾਂ ਨਾਲ਼ ਸਸਕਾਰ ਕੀਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪੁੱਤਰ ਵਰਿੰਦਰ ਕੁਮਾਰ ਅਤੇ ਬਲਵਿੰਦਰ ਕੁਮਾਰ ਨੇ ਅਗਨੀ ਦਿੱਤੀ। ਅੰਤਮ ਸਸਕਾਰ ਮੌਕੇ ਡਿਪਟੀ ਕਮਾਂਡੈਂਟ 80ਵੀਂ ਬਟਾਲੀਅਨ ਸੀ. ਆਰ. ਪੀ. ਐਫ਼. ਸੁੱਚਾ ਸਿੰਘ ਅਤੇ ਸਬ ਇੰਸਪੈਕਟਰ ਪੀ. ਏ. ਪੀ. ਪਵਨ ਕੁਮਾਰ ਦੀ ਅਗਵਾਈ ਵਿਚ ਕੇਂਦਰੀ ਰਿਜ਼ਰਵ ਰੱਖਿਆ ਬਲ ਤੇ ਪੰਜਾਬ ਪੁਲਿਸ ਦੀਆਂ ਟੁਕੜੀਆਂ ਵਲੋਂ ਸ਼ਹੀਦ ਨੂੰ ਸਲਾਮੀ ਦਿੱਤੀ ਗਈ। ਇਸ ਮੌਕੇ ਸੀ. ਆਰ. ਪੀ. ਐਫ. ਦੇ ਡੀ. ਆਈ.ਜੀ. ਸੁਨੀਲ ਥੋਪੇ, ਏ.ਡੀ.ਸੀ. ਸ਼ਹੀਦ ਭਗਤ ਸਿੰਘ ਨਗਰ ਅਮਰਜੀਤ ਸਿੰਘ ਪਾਲ, ਐਸ. ਐਸ. ਪੀ. ਧੰਨਪ੍ਰੀਤ ਕੌਰ, ਐਸ.ਡੀ.ਐਮ. ਬੰਗਾ ਅਰਵਿੰਦ ਕੁਮਾਰ, ਡੀ.ਐਸ. ਪੀ. ਹੰਸ ਰਾਜ ਅਤੇ ਹੋਰ ਅਧਿਕਾਰੀ ਮੌਜੂਦ ਸਨ। ਇਨ੍ਹਾਂ ਅਧਿਕਾਰਆਂ ਨੇ ਸ਼ਹੀਦ ਦੀ ਦੇਹ ਤੇ ਫੁੱਲ ਮਾਲਾਵਾਂ ਚੜ੍ਹਾ ਕੇ ਸ਼ਰਧਾਂਜਲੀ ਭੇਂਟ ਕੀਤੀ। ਡੀ.ਆਈ.ਜੀ . ਸੁਨੀਲ ਥੋਪੇ ਨੇ ਪਰਿਵਾਰ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਵਲੋਂ ਸ਼ਹੀਦ ਦੇ ਪੁੱਤਰ ਵਰਿੰਦਰ ਕੁਮਾਰ ਨੂੰ ਨੌਕਰੀ ਦੇਣ ਲਈ ਕੇਸ ਉੱਚ ਅਧਿਕਾਰੀਆਂ ਕੋਲ ਭੇਜਿਆ ਜਾਵੇਗਾ। ਵਧੀਕ ਡੀ.ਸੀ. ਅਮਰਜੀਤ ਪਾਲ ਨੇ ਕਿਹਾ ਕਿ ਪਰਿਵਾਰ ਨੂੰ ਪੰਜਾਬ ਸਰਕਾਰ ਵਲੋਂ ਮਿਲਣ ਵਾਲੀ ਮਾਲੀ ਸਹਾਇਤਾ ਤੇ ਹੋਰ ਲਾਭਾਂ ਲਈ ਕੇਸ ਸਰਕਾਰ ਨੂੰ ਭੇਜਿਆ ਜਾਵੇਗਾ।

ਡੀ. ਆਈ. ਜੀ. ਥੋਰੇ ਨੇ ਦੱਸਿਆ ਕਿ ਮੰਗਲਵਾਰ ਨੂੰ ਛੱਤੀਸ਼ਗੜ੍ਹ ਦੀ ਜੀਰਮ ਘਾਟੀ ਵਿਚ ਗਸ਼ਤੀ ਟੁਕੜੀ ਤੇ ਹੋਏ ਨਕਸਲੀ ਹਮਲੇ ਵਿਚ 19 ਸੀ.ਆਰ.ਪੀ .ਐਫ. ਦੇ ਜਵਾਨ ਸ਼ਹੀਦ ਹੋ ਗਏ ਸਨ। ਬੁੱਧਵਾਰ ਨੂੰ ਉਨ੍ਹਾਂ ਦੀਆਂ ਦੇਹਾਂ ਤਿਰੰਗੇ 'ਚ ਲਪੇਟ ਕੇ ਦਿੱਲੀ ਲਿਆਂਦਾ ਗਿਆ ਜਿੱਥੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਸੀ । ਉਸ ਤੋਂ ਬਾਅਦ ਉਨ੍ਹਾਂ ਦੇ ਪਿੰਡਾਂ - ਸ਼ਹਿਰਾਂ ਨੂੰ ਭੇਜਿਆ ਗਿਆ। ਜ਼ਿਕਰਯੋਗ ਹੈ ਕਿ ਇਸ ਹਮਲੇ ਵਿਚ ਜਵਾਲੀ ਹਿਮਾਚਲ ਪ੍ਰਦੇਸ਼ ਦੇ ਨਿਵਾਸੀ ਜਵਾਨ ਵੀ ਸ਼ਹੀਦ ਹੋ ਗਿਆ ਸੀ।

ਸ਼ਹੀਦ ਤਿਲਕ ਰਾਜ ਸਿੰਘ ਸਪੁੱਤਰ ਸਵ. ਭਾਗ ਸਿੰਘ 2007 ਵਿਚ ਫੌਜ ਦੇ ਸੂਬੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਬੰਬ ਨਿਰੀਖਕ ਤੇ ਡੀਫਿਊਜ 'ਚ ਮੁਹਾਰਤ ਰੱਖਣ ਕਰਕੇ ਬਤੌਰ ਇੰਸਪੈਕਟਰ ਭਰਤੀ ਕੀਤਾ ਗਿਆ ਸੀ। ਉਨ੍ਹਾਂ ਨੇ ਜਰਮਨ ਅਤੇ ਇੰਗਲੈਂਡ ਤੋਂ ਵੀ ਇਸ ਸਬੰਧੀ ਸਿਖਲਾਈ ਪ੍ਰਾਪਤ ਕੀਤੀ ਸੀ । ਕਾਰਗਿਲ ਦੀ ਲੜਾਈ 'ਚ ਡਿਊਟੀ ਦੌਰਾਨ ਉਨ੍ਹਾਂ ਦੀ ਪਤਨੀ ਕੁਲਦੀਪ ਕੌਰ ਦਾ ਦਿਹਾਂਤ ਹੋ ਗਿਆ ਸੀ। ਸ਼ਹੀਦ ਤਿਲਕ ਰਾਜ ਸਿੰਘ ਆਪਣੇ ਪਿੱਛੇ ਦੋ ਬੇਟੇ ਵਰਿੰਦਰ ਕੁਮਾਰ, ਬਲਵਿੰਦਰ ਕੁਮਾਰ ਅਤੇ ਦੋ ਬੇਟੀਆਂ ਬਲਵਿੰਦਰ ਕੌਰ ਅਤੇ ਸਲਿੰਦਰ ਕੌਰ ਛੱਡ ਗਏ ਹਨ। ਸਲਿੰਦਰ ਕੌਰ ਗਈ ਹੋਣ ਕਰਕੇ ਆਪਣੇ ਪਿਤਾ ਦੇ ਅੰਤਮ ਦਰਸ਼ਨ ਕਰਨ ਲਈ ਵੀ ਨਹੀਂ ਪਹੁੰਚ ਸਕੀ। ਦੋ ਮਹੀਨੇ ਪਹਿਲਾਂ ਉਹ ਸਲਿੰਦਰ ਕੌਰ ਦੇ ਬੇਟੇ ਆਪਣੇ ਦੋਹਤੇ ਦੀ ਲੋਹੜੀ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਪਿੰਡ ਕਰਨਾਣਾ ਆਏ ਸਨ ਜਿੱਥੇ ਉਨ੍ਹਾਂ ਨੂੰ ਆਖਰੀ ਵਾਰ ਮਿਲਣ ਦਾ ਮੌਕਾ ਮਿ-ਲਆ। ਉਪਰੰਤ ਉਹ ਡਿਊਟੀ ਤੇ ਚਲੇ ਗਏ ਸਨ।

ਉਨ੍ਹਾਂ ਦੇ ਅੰਤਮ ਸਸਕਾਰ ਤੇ ਰਿਸ਼ਤੇਦਾਰਾਂ, ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਵੱਖ ਵੱਖ ਪਾਰਟੀਆਂ ਦੇ ਆਗੂ ਅਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ । ਉਨ੍ਹਾਂ ਦੇ ਨੇਕ ਮਿਲਾਪੜੇ ਸੁਭਾਅ ਅਤੇ ਦਲੇਰੀ ਦੇ ਚਰਚੇ ਹਰ ਜ਼ੁਬਾਨ ਤੇ ਸਨ। ਉਨ੍ਹਾਂ ਦੀ ਬੇਟੀ ਬਲਵਿੰਦਰ ਕੌਰ ਦਾ ਰੋਣਾ ਥੰਮਿਆ ਨਹੀਂ ਜਾ ਰਿਹਾ ਸੀ। ਉਹ ਵਾਰ ਵਾਰ ਬੇਹੋਸ਼ ਹੋ ਰਹੀ ਸੀ। ''ਪਾਪਾ ਅਸੀਂ ਮੰਮੀ ਬਿਨਾ ਤਾਂ ਜੀਅ ਰਹੇ ਸੀ ਤੁਹਾਡੇ ਤੋਂ ਬਿਨਾ ਕਿੱਦਾਂ ਜੀਵਾਂਗੇ।'' ਉਸ ਦੇ ਇਨ੍ਹਾਂ ਬੋਲਾਂ ਨਾਲ ਹਾਜ਼ਰ ਲੋਕਾਂ ਦੀਆਂ ਅੱਖਾਂ ਨਮ ਹੋ ਰਹੀਆਂ ਸਨ। ਇਸ ਦਿਲ ਹਿਲਾਊ ਸਮੇਂ ਪੰਜਾਬ ਦਾ ਕੋਈ ਵੀ ਮੰਤਰੀ ਨਹੀਂ ਪਹੁੰਚਿਆ, ਨਾ ਹੀ ਚੋਣ ਜ਼ਾਬਤਾ ਲਗਿਆ ਹੋਣ ਕਰਕੇ ਕੋਈ ਮਾਲੀ ਸਹਾਇਤਾ ਅਤੇ ਨੌਕਰੀ ਦਾ ਐਲਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਚੌਧਰੀ ਮੋਹਣ ਸਿੰਘ, ਪ੍ਰਵੀਨ ਬੰਗਾ, ਪਿੰਡ ਦੇ ਸਰਪੰਚ ਗੁਰਬਖਸ਼ ਸਿੰਘ, ਬੁੱਧ ਸਿੰਘ ਬਲਾਕੀਪੁਰ, ਨਵਦੀਪ ਅਨੋਖਰੋਵਾਲ ਆਦਿ ਸ਼ਾਮਲ ਹੋਏ।

**-ਰੇਸ਼ਮ ਕਰਨਾਣਵੀ** (98158-80104)

## ਨਾਨਕਸ਼ਾਹੀ ਸੰਮਤ ਦੇ ਨਵੇਂ ਵਰ੍ਹੇ ਦੀ ਸ਼ੁਭ ਆਮਦ 'ਤੇ ਗੁਰਦੁਆਰਾ ਮਿਲਪੀਟਸ ਵਿਖੇ ਸ਼ਾਨਦਾਰ ਸਮਾਗਮ ਆਯੋਜਿਤ!

## ਮੂਲ਼ ਨਾਨਕਸ਼ਾਹੀ ਕੈਲੰਡਰ ਦੀ ਹੀ ਪਾਲਣਾ ਦਾ ਅਹਿਦ ਲਿਆ!!

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ) ਨਵੇਂ ਚੜ੍ਹੇ ਨਾਨਕਸ਼ਾਹੀ ਸੰਮਤ 546 ਦੀ ਆਮਦ 'ਤੇ ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਭਾਰੀ ਦੀਵਾਨ ਸਜਾਇਆਗਿਆ। ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਵਰਲਡ ਸਿਖ ਫੈਡਰੇਸ਼ਨ ਅਤੇ ਸਥਾਨਕ ਧਾਰਮਿਕ ਜਥੇਬੰ-ਦੀਆਂ ਦੇ ਭਰਵੇਂ



ਸਹਿਯੋਗ ਨਾਲ ਉਕਤ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਆਯੋਜਿਤ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਮੌਕੇ ਉਪਰੋਕਤ ਜਥੇਬੰਦੀਆਂ ਵਲੋਂ ਸੰਨ 2003 ਵਾਲਾ ਅਸਲ ਨਾਨਕਸ਼ਾਹੀ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਬਾਰਹਮਾਂਹ ਦੇ ਪਾਠ ਉਪਰੰਤ ਭਾਈ ਜਗਦੇਵ ਸਿੰਘ ਦੇ ਰਾਗੀ ਜਥੇ ਅਤੇ ਫਰੀਮਾਂਟ ਦੇ ਬੱਚਿਆਂ ਨੇ ਨਿਰਧਾਰਤ ਰਾਗਾਂ ਵਿਚ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਰੂਹਾਨੀ ਰੰਗ 'ਚ ਰੰਗ ਦਿਤਾ। ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਜਿਥੇ ਸਮੂੰਹ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿਤੀ ਉਥੇ ਸੰਕੋਚਵੇਂ ਸ਼ਬਦਾਂ ਵਿਚ ਮੂਲ਼ ਨਾਨਕਸ਼ਾਹੀ ਕੈਲੰਡਰ ਨੂੰ 'ਮਿਲ਼ਗੋਭਾ ਕੈਲੰਡਰ' ਬਣਾਉਣ ਵਾਲੀਆਂ ਸਿਖ ਵਿਰੋਧੀ ਤਾਕਤਾਂ ਬਾਰੇ ਵੀ ਹਕੀਕਤ ਬਿਆਨ ਕੀਤੀ। ਉਨਾਂ ਪੂਰੀ ਦ੍ਰਿੜਤਾ ਨਾਲ ਐਲਾਨ ਕੀਤਾ ਕਿ ਮਿਲਪੀਟਸ ਦੇ ਇਸ ਗੁਰਦੁਆਰੇ ਦੇ ਨਾਲ ਨਾਲ ਗੁਰਦੁਆਰਾ ਸਿਲੀਕਾਨ ਵੈਲੀ ਸੈਂਟਾ ਕਲਾਰਾ ਅਤੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ, ਅਸਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਂਦੇ ਰਹਿਣ ਗੇ।ਯਾਦ ਰਹੇ ਸਥਾਨਕ ਖੇਤਰ ਵਿਚ ਇਹ ਗੁਰਦੁਆਰਾ ਪੰਥ ਪ੍ਰਵਾਣਤ ਰਹਿਤ ਮਰਯਾਦਾ ਅਤੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਪਾਲਣਾ ਹਿਤ ਹੀ ਸਥਾਪਤ ਕੀਤਾ ਗਿਆ ਹੈ। ਸੰਜੀਦਾ ਮਾਹੌਲ ਵਾਲੇ ਇਸ ਸਮਾਗਮ ਮੌਕੇ ਭਾਈ ਗੁਰਿੰਦਰ ਸਿੰਘ, ਪ੍ਰੋ. ਜਸਪਾਲ ਸਿੰਘ ਸੈਣੀ, ਭਾਈ ਸਤਨਾਮ ਸਿੰਘ ਅਟਵਾਲ, ਤਰਲੋਚਨ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਭਾਈ ਜਸਵਿੰਦਰ ਸਿੰਘ ਜੰਡੀ ਆਦਿ ਪੰਥਕ ਬੁਲਾਰਿਆਂ ਨੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਪ੍ਰੋੜਤਾ ਦੇ ਨਾਲ ਨਾਲ ਪੰਥ ਪ੍ਰਵਾਣਤ ਰਹਿਤ ਮਰਯਾਦਾ ਦੀ ਹਿਫਾਜ਼ਤ ਲਈ ਵੀ ਸੰਗਤਾਂ ਨੂੰ ਸੁਚੇਤ ਕੀਤਾ। ਸਮਾਪਤੀ 'ਤੇ ਨਵੇਂ ਵਰ੍ਹੇ 546 ਦਾ ਅਸਲ ਨਾਨਕਸ਼ਾਹੀ ਕੈਲੰਡਰ ਭਾਰੀ ਗਿਣਤੀ ਵਿਚ ਵੰਡਿਆ ਗਿਆ।ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ।

## ਸ਼ੋਸ਼ਲ ਮੀਡੀਏ ਰਾਹੀਂ ਪੰਜਾਬ ਵਿਚ ਚੋਣ ਮੁਹਿੰਮ ਚਲਾਉਣ ਲਈ ਤਿਆਰੀਆਂ ਮੁਕੰਮਲ-ਧੂਤ

ਇੰਦਰਜੀਤ ਬਾਜਵਾ

ਮਿਲਪੀਟਸ ( ਕੈਲੀਫੋਰਨੀਆ ) ਪੰਜਾਬ ਵਿਚ ਹੋ ਰਹੀਆਂ 13 ਲੋਕ ਸਭਾ ਸੀਟਾਂ ਲਈ ਯੋਗ ਉਮੀਦਵਾਰਾਂ ਦੇ ਹੱਕ ਵਿਚ ਸ਼ੋਸ਼ਲ ਮੀਡੀਏ ਰਾਹੀਂ ਚੋਣ ਮੁਹਿੰਮ ਚਲਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਜਿਸ ਨੂੰ ਅਮਲੀ ਤੌਰ ਤੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਵਲੋਂ ਸਾਰੇ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਆਰੰਭ ਕਰ ਦਿਤਾ ਜਾਏਗਾ।ਇਸ ਗਲ ਦੀ ਜਾਣਕਾਰੀ ਦਿੰਦਿਆਂ ਅਜ ਇਥੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਦਸਿਆ ਕਿ ਲੋਕ ਸਭਾ ਚੋਣਾਂ ਵਿਚ ਕਿਸੇ ਉਮੀਦਵਾਰ ਦੀ ਵਿਰੋਧਤਾ ਜਾਂ ਸਮਰਥਨ ਕਰਨ ਲਈ ਰੂਪਰੇਖਾ ਤਿਆਰ ਕਰ ਲਈ ਗਈ ਹੈ ਜਿਸ ਅਨੁਸਾਰ ਦਲ ਬਦਲੂ ਉਮੀਦਵਾਰ, ਚੋਣ ਹਲਕੇ ਤੋਂ ਬਾਹਰਲੇ



ਉਮੀਦਵਾਰ, ਅਪਰਾਧੀ ਪਿਛੋਕੜ ਵਾਲੇ ਉਮੀਦਵਾਰ, ਭਰਿਸ਼ਟਾਚਾਰ ਨਾਲ ਦਾਗੀ ਉਮੀਦਵਾਰ,ਪਰਖੇ ਹੋਏ ਉਮੀਦਵਾਰ ਤੇ ਜਿਹਨਾਂ ਉਮੀਦਵਾਰਾਂ ਦਾ ਪੰਜਾਬ ਜਾਂ ਪੰਜਾਬ ਦੇ ਲੋਕਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ ਨੂੰ ਹਰਾਉਣ ਲਈ ਹਰ ਸੰਭਵ ਯਤਨ ਕੀਤਾ ਜਾਏਗਾ ਤਾਂ ਕਿ ਪੰਜਾਬ ਦੇ ਗੰਧਲੇ ਰਾਜਨੀਤਕ ਵਾਤਾਵਰਣ ਵਿਚ ਕੁਝ ਸ਼ੁਧਤਾ ਲਿਆਂਦੀ ਜਾ ਸਕੇ।

ਸ: ਧੂਤ ਨੇ ਸਮੂਹ ਪਰਵਾਸੀ ਭਰਾਵਾਂ ਤੇ ਭੈਣਾਂ ਨੂੰ ਅਪੀਲ ਕੀਤੀ ਕਿ ਉਹ ਇਸ ਨੇਕ ਕੰਮ ਲਈ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਨੂੰ ਵਧ ਤੋਂ ਵੱਧ ਸਹਿਯੋਗ ਦੇਣ।

ਸ: ਧੂਤ ਨੇ ਦਸਿਆ ਕਿ ਹਰ ਰੋਜ ਸਵੇਰ ਦੇ ਦੱਸ ਵਜੇ ਤੋਂ ਲੈ ਕੇ ਰਾਤ ਦੇ ਦੱਸ ਵਜੇ ਤਕ ਐਸੋਸ਼ੀਏਸ਼ਨ ਦੇ ਦਫਤਰ ਦਾ ਕੰਮਕਾਰ ਚੋਣਾਂ ਖਤਮ ਹੋਣ ਤਕ ਕੰਮ ਕਰੇਗਾ।

## ਪੰਜਾਬੀ ਸਾਹਿਤ ਸਭਾ ਦੀ ਕਲਗੀ ਵਿਚ ਇਕ ਹੋਰ ਖੰਭ

ਯੂਨੀਅਨ ਸਿਟੀ, ਕੈਲੀਫੋਰਨੀਆ (ਯੂ. ਐਸ. ਏ.)- ਪ੍ਰਵਾਨਾ- ਸਾਹਿਤਕ, ਸਭਿਆਚਾਰਕ, ਵਿਦਿਅਕ, ਅਕਾਦਮਿਕ ਅਤੇ ਸਮਾਜਿਕ ਹਲਕਿਆਂ ਵਿਚ ਇਹ ਖ਼ਬਰ ਬੜੀ ਸ਼ਿੱਦਤ ਨਾਲ ਪੜ੍ਹੀ ਜਾਵੇਗੀ ਕਿ ਬੇ-ਏਰੀਆ (ਕੈਲੀਫੋਰਨੀਆ) ਵਿਚ ਪੰਜਾਬੀ ਸਾਹਿਤ ਸਭਿਆਚਾਰ ਦੀ ਸੰਭਾਲ, ਰੱਖ-ਰਖਾਵ ਅਤੇ ਵਿਸਥਾਰ ਲਈ ਯਤਨਸ਼ੀਲ ਮੰਚ ਸਥਾਪਤ ਹੋਇਆ ਹੈ-

''ਗਿੰਨੀ ਯਾਦਗਾਰੀ ਸਾਹਿਤ ਮੰਚ ਅਮਰੀਕਾ'' ਇਹ ਪੰਜਾਬੀ ਸਾਹਿਤ ਸਭਿਆਚਾਰ ਦੀ ਕਲਗੀ ਵਿਚ ਇਕ ਹੋਰ ਖੰਭ ਹੈ। ਇਸਨੂੰ ਸੁਨਹਿਰਾ ਦਿਖਾਉਣ ਲਈ ਬਹੁਤ ਸਾਰੀਆਂ ਭਰਾਤਰੀ ਜਥੇਬੰਦੀਆਂ ਦਾ ਸਹਿਯੋਗ ਪ੍ਰਾਪਤ ਹੈ। ਇਸਦੇ ਸੰਚਾਲਕ ਪ੍ਰਸਿੱਧ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਦੱਸਿਆ ਗਿਆ ਕਿ ਇਸਦਾ ਪਹਿਲਾ ਵਿਸ਼ੇਸ਼ ਸਮਾਗਮ ਮਾਰਚ 2014 ਦੇ ਅਖੀਰਲੇ ਹਫਤੇ ਵਿਚ ਹੋਵੇਗਾ। ਜਾਤੀ ਤੌਰ ਤੇ ਜਾਂ ਜਥੇਬੰਦਕ ਤੌਰ ਤੇ ਇਸ ਵਿਚ ਸ਼ਾਮਲ ਹੋਣ ਲਈ ਸੰਪਰਕ (510) 415-9377 ਤੇ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਭਰਾਤਰੀ ਜਥੇਬੰਦੀਆਂ ਦਾ ਸਹਿਯੋਗ ਪ੍ਰਾਪਤ ਕਰਨਾ ਇਸਦੇ ਆਸ਼ੇ ਵਿਚ ਹੈ। ਹਰ ਪੰਜਾਬੀ ਵੱਲੋਂ ਆਪਣੀ ਯਥਾ-ਸ਼ਕਤੀ ਅਤੇ ਵਿੱਤ ਮੁਜਬ ਪੰਜਾਬੀ ਮਾਂ-ਬੋਲੀ ਦੀ ਉਨਤੀ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ। ਅਜਿਹੀ ਸੋਚ ਦਾ ਹਮੇਸ਼ਾ ਲਈ ਸਵਾਗਤ ਹੈ।

## ਗਿੰਨੀ ਯਾਦਗਾਰੀ ਸਾਹਿਤ ਮੰਚ ਅਮਰੀਕਾ ਸਾਹਿਤਕ ਪ੍ਰੋਗਰਾਮ ਜ਼ਰੀਏ ਦੇਵੇਗਾ ਸ਼ਹੀਦਾਂ ਨੂੰ ਸ਼ਰਧਾਂਜਲੀ

ਯੂਨੀਅਨ ਸਿਟੀ- ਪ੍ਰਮਿੰਦਰ ਸਿੰਘ ਪ੍ਰਵਾਨਾ- ਸਾਹਿਤ ਰਸੀਏ ਅਤੇ ਸਮਾਜਿਕ ਹਸਤੀਆਂ ਵਾਸਤੇ ਇਕ ਵਿਸ਼ੇਸ਼ ਸੂਚਨਾ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਨ ਨੂੰ ਇਕ ਸਾਹਿਤ ਸਮਾਗਮ ''ਗਿੰਨੀ ਯਾਦਗਾਰੀ ਸਾਹਿਤ ਮੰਚ ਅਮਰੀਕਾ'' ਵੱਲੋਂ ਕਰਵਾਇਆ ਜਾ ਰਿਹਾ ਹੈ, ਜੋ ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ 23 ਮਾਰਚ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਸ਼ੁਰੂ ਹੋਵੇਗਾ, ਜਿਸ ਵਿਚ ਗੀਤ ਸੰਗੀਤ ਡਾ. ਮੰਗਜੀਤ ਸਿੰਘ ਮੰਗਾ, ਪ੍ਰਚਾ ਪਾਠ ਵਿਚ ਬੀਬੀ ਰਾਜਬੀਰ ਕੌਰ, ਚਰਨਜੀਤ ਸਿੰਘ ਪੰਨੂ, ਪ੍ਰੋ. ਸੁਰਜੀਤ ਸਿੰਘ ਨਨੂਆ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਯਾਦਗਾਰੀ ਫੋਟੋ ਸਮੂਹ ਅਤੇ ਹਾਜ਼ਰ ਕਵੀਆਂ ਤੋਂ ਕਲਾਮ ਸੁਣਿਆ ਜਾਵੇਗਾ।

ਹੋਰ ਪਹੁੰਚਣ ਵਾਲੇ ਸਾਹਿਤਕਾਰ, ਭਰਾਤਰੀ ਜਥੇਬੰਦੀਆਂ, ਭਾਈਚਾਰੇ ਦੇ ਪਤਵੰਤੇ ਕਾਰੋਬਾਰੀ ਸ਼ਾਮਲ ਹੋਣਗੇ। ਜਲ ਪਾਨ ਨਿਰੰਤਰ ਚਲਦਾ ਰਹੇਗਾ। ਹੋਰ ਜਾਣਕਾਰੀ ਲਈ 510-781-0487 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੈਕਰਾਮੈਂਟੋ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ 14ਵੇਂ ਨਗਰ ਕੀਰਤਨ ਦੇ ਮੌਕੇ ਤੇ ਸੰਗਤਾਂ ਦਾ ਰਿਕਾਰਡ ਤੋੜ ਇਕੱਠ

ਸ੍ਰੀ ਗੁਰੂ ਰਵਿਦਾਸ ਸਭਾ (ਰਿਓਲਿੰਡਾ ਸੈਕਰਾਮੈਂਟੋ) ਦੀਆਂ ਸੰਗਤਾਂ ਦੇ ਉਦਮ ਸਦਕਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਅਤੇ 14ਵੇਂ ਨਗਰ ਕੀਰਤਨ ਦੇ ਸਬੰਧ ਵਿਚ ਹਰ ਸਾਲ ਦੀ ਤਰ੍ਹਾਂ ਇੱਥੇ ਲੰਘੇ ਐਤਵਾਰ ਸਜਾਏ ਗਏ ਮਹਾਨ ਨਗਰ ਕੀਰਤਨ ਵਿਚ ਦੂਰੋਂ ਨੇੜਿਉਂ ਆਈਆਂ ਸੰਗਤਾਂ ਨੇ ਹੁੰਮ ਹੁੰਮਾ ਕੇ ਹਾਜ਼ਰੀਆਂ ਭਰੀਆਂ ਅਤੇ ਆਪਣੇ ਜੀਵਨ ਨੂੰ ਸਫਲਾ ਕੀਤਾ। ਪੰਜ ਪਿਆਰਿਆਂ ਦੀ ਅਗਵਾਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਜਾਏ ਗਏ ਇਸ ਮਹਾਨ ਨਗਰ ਕੀਰਤਨ ਵਿਚ ਕਈ ਸੰਸਥਾਵਾਂ ਦੇ ਫਲੋਟ ਹਾਜ਼ਰ ਸਨ ਅਤੇ ਕਈ ਸੰਸਥਾਵਾਂ ਦੇ ਨੁਮਾਇੰਦੇ ਆਪਣੇ ਬੈਨਰ ਲੈ ਕੇ ਗੁਰੂ ਮਹਾਰਾਜ ਦੀ ਪਾਲਕੀ ਦੇ ਪਿਛੇ ਪਿੱਛੇ ਚੱਲ ਰਹੇ ਸਨ। ਸੰਗਤਾਂ ਦੀ ਸੇਵਾ ਲਈ ਸ਼ਰਧਾਲੂਆਂ ਵੱਲੋਂ ਥਾਂ ਥਾਂ ਤੇ ਭੋਜਨ ਪਦਾਰਥਾਂ ਦੇ ਲੰਗਰ ਲਾਏ ਹੋਏ ਸਨ। ਕਿਧਰੇ ਗਰਮਾ ਗਰਮ ਪਕੌੜਿਆਂ ਤੇ ਚਾਹ ਨਾਲ ਸੇਵਾ ਕੀਤੀ ਗਈ ਅਤੇ ਕਿਧਰੇ ਗਰਮਾ ਗਰਮ ਜਲੇਬੀਆਂ ਨਿਕਲ ਰਹੀਆਂ ਸਨ। ਇਕ ਪਾਸੇ ਖੂਨਦਾਨ ਕੈਂਪ ਵੀ ਲੱਗਾ ਹੋਇਆ ਸੀ।

ਸਭ ਤੋਂ ਪਹਿਲਾਂ ਨਗਰ ਕੀਰਤਨ ਚੱਲਣ ਉਪਰੰਤ ਜੋ ਪਹਿਲੀ ਵਾਰ ਸੰਗਤਾਂ ਨੂੰ ਅਜਬ ਨਜ਼ਾਰਾ ਦੇਖਣ ਨੂੰ ਮਿਲਿਆ, ਉਹ ਇਹ ਸੀ ਕਿ ਮਹਾਰਾਜ ਦੀ ਕਿਰਪਾ ਨਾਲ ਇਸ ਵਾਰ ਮਹਾਰਾਜ ਦੀ ਸਵਾਰੀ ਉਤੇ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਫੁੱਲਾਂ ਦੀ ਵਰਖਾ ਕਰਨ ਦਾ ਮਾਣ ਹੈਲੀਕਾਪਟਰ ਵਿਚੋਂ ਆਪਣੇ ਹੱਥੀਂ ਚੇਅਰਮੈਨ ਬਲਵੀਰ ਕਲੇਰ ਦੇ ਹਿੱਸੇ ਆਇਆ। ਇਹ ਨਜ਼ਾਰਾ ਵੇਖ ਕੇ ਸੰਗਤਾਂ ਇਹੋ ਸ਼ਬਦ ਉਚਾਰਣ ਕਰ ਰਹੀਆਂ ਸਨ ਕਿ (ਐਸੀ ਲਾਲ ਤੁਝ ਬਿਨ ਕੌਨ ਕਰੇ) ਇਸ ਕਾਰਜ ਦੀ ਸੇਵਾ ਸ. ਹਰਦਿਆਲ ਸਿੰਘ ਬੰਗਾ ਪਰਿਵਾਰ (ਬੇਅ-ਏਰੀਆ) ਵੱਲੋਂ ਕੀਤੀ ਗਈ। ਉਹਨਾਂ ਦੀ ਇਸ ਸੇਵਾ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਇਸ ਸੇਵਾ ਦੇ ਬਦਲੇ ਉਹਨਾਂ ਨੂੰ ਪਲੇਕ ਅਤੇ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਨਗਰ ਕੀਰਤਨ ਤੋਂ ਪਹਿਲਾਂ ਪ੍ਰਕਾਸ਼ ਸਮਾਗਮਾਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਭਾਰੀ ਦੀਵਾਨ ਸਜਾਏ ਗਏ, ਜਿਹਨਾਂ ਵਿਚ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਸ਼ੁੱਕਰਵਾਰ ਨੂੰ ਆਰੰਭ ਕੀਤੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ ਨੂੰ ਪਾਏ ਗਏ, ਜਿਸ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਸਮੂਹ ਸੰਗਤਾਂ ਵੱਲੋਂ ਕੀਤਾ ਗਿਆ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਚੜ੍ਹਾਏ ਗਏ, ਜਿਸ ਦੀ ਸੇਵਾ ਸ੍ਰੀ ਅਜੀਤ ਰਾਮ ਬੰਗੜ ਪਰਿਵਾਰ ਅਤੇ ਇਕ ਗੁਪਤ ਪਰਿਵਾਰ ਵੱਲੋਂ ਕੀਤੀ ਗਈ। ਐਤਵਾਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸਵੇਰੇ ਸਵੇਰੇ ਸੰਗਤਾਂ ਬੜੀ ਭਾਵਨਾ ਨਾਲ ਗੁਰੂ ਘਰ ਪਹੁੰਚੀਆਂ। ਇਸੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ, ਭਾਈ ਜਸਪਾਲ ਸਿੰਘ ਅਤੇ ਜਥਾ ਭਾਈ ਮਨਜੀਤ ਸਿੰਘ (ਯੂਬਾ ਸਿਟੀ), ਭਾਈ ਹਰਜਿੰਦਰ ਸਿੰਘ ਰਸੀਆ ਅਤੇ ਜਥਾ (ਪਿਟਸਬਰਗ) ਅਤੇ ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਸਕੱਤਰ ਜੀਵਨ ਰੱਤੂ ਜੀ ਨੇ ਸੰਗਤਾਂ ਨੂੰ ਗੁਰਪੂਰਬ ਦੀ ਵਧਾਈ ਦਿੱਤੀ ਅਤੇ ਮੁੱਖ ਮਹਿਮਾਨ (ਭਾਰਤੀ ਕੌਂਸਲਖਾਨਾ ਸੈਨਫਰਾਂਸਿਸਕੋ) ਕੌਂਸਲ ਜਨਾਬ ਸ੍ਰੀ ਅਨੰਦ ਝਾਅ ਨੂੰ ਜੀ ਆਇਆਂ ਕਿਹਾ। ਸ੍ਰੀ ਅਨੰਦ ਝਾਅ ਨੂੰ ਲਿਆਉਣ ਲਈ ਪੰਜਾਬ ਮੇਲ ਦੇ ਸੰਪਾਦਕ ਅਤੇ ਜੱਸੀ ਬੰਗਾ ਦੀ ਮੁੱਖ ਭੂਮਿਕਾ ਰਹੀ। ਇਸ ਤੋਂ ਇਲਾਵਾ ਕਾਂਗਰਸਮੈਨ ਐਮੀ ਬੈਰਾ ਦੇ ਆਫਿਸ ਵਿਚੋਂ ਡਿਸਟ੍ਰਿਕ ਡਾਇਰੈਕਟਰ ਫੇਥ ਵਿਦਮੋਰ ਅਤੇ ਅਸੈਂਬਲੀ ਮੈਂਬਰ ਰੌਜਰ ਡਿਕਸੀ ਦੇ ਸਲਾਹਕਾਰ (ਸੂਜ਼ੀ ਲੋ) ਅਤੇ ਸੈਕਰਾਮੈਂਟੋ ਡਿਸਟ੍ਰਿਕਟ ਅਟਾਰਨੀ ਦੇ ਉਮੀਦਵਾਰ (ਐਨੀ ਮੈਰੀ) ਨੇ ਗੁਰੂ ਘਰ ਪਹੁੰਚ ਕੇ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਬਾਅਦ ਵਿਚ ਇਹਨਾਂ ਸਾਰਿਆਂ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪਲੇਕਾਂ ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਨੂੰ ਗੁਰੂ ਘਰ ਲਿਆਉਣ ਲਈ ਤਵਿੰਦਰ ਕਾਜਲਾ ਦਾ ਕਾਫੀ ਸਹਿਯੋਗ ਰਿਹਾ। ਇਸ ਤੋਂ ਬਾਅਦ ਡਾ: ਅੰਬੇਦਕਰ ਫਾਊਂਡੇਸ਼ਨ ਦੇ ਪ੍ਰਧਾਨ ਸ: ਭਜਨ ਸਿੰਘ ਭਿੰਡਰ ਸੁਪਰੀਮ ਕੌਂਸਲ ਵੱਲੋਂ ਤਵਿੰਦਰ ਕਾਜਲਾ, ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਕਰਮ ਸਿੰਘ ਬੰਗੜ (ਪ੍ਰਧਾਨ ਫਰਿਜ਼ਨੋ), ਸ੍ਰੀ ਅਨੰਦ ਝਾਅ, ਗੁਰਬਚਨ ਚੋਪੜਾ, ਡਾ ਹਰਮੇਸ਼ ਕੁਮਾਰ, ਰਾਕੇਸ਼ ਚੰਦਰ, ਵਿਨੋਦ ਚੁੰਬਰ, ਹੰਸ ਰਾਜ ਕਾਜਲਾ, ਦੇਬੋ ਬੈਂਸ ਚੇਅਰਮੈਨ (ਪਿਟਸਬਰਗ ਗੁਰੂ ਘਰ) ਰੋਜ਼ਵਿਲ ਗੁਰੂ ਘਰ ਦੇ ਪ੍ਰਧਾਨ ਸ. ਹਰਜੀਤ ਸਿੰਘ ਸਟੈਚ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਵਧਾਈ ਦਿੱਤੀ। ਰੋਜ਼ਵਿਲ ਗੁਰੂ ਘਰ ਵੱਲੋਂ ਗਿਆਰਾਂ ਸੌ ਡਾਲਰ ਵੀ ਭੇਟ ਕੀਤਾ ਗਿਆ। ਨਿਊਯਾਰਕ ਗੁਰੂ ਰਵਿਦਾਸ ਟੈਂਪਲ ਦੇ ਪ੍ਰਧਾਨ ਸ: ਨਿਰਮਲ ਸਿੰਘ ਅਤੇ ਸਕੱਤਰ ਸ੍ਰੀ ਚਰਨਜੀਤ ਸਿੰਘ ਝੱਲੀ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ। ਸ: ਨਿਰਮਲ ਸਿੰਘ ਨੇ ਸੰਗਤਾਂ ਨੂੰ ਨਿਊਯਾਰਕ ਵਿਚ 12 ਜੁਲਾਈ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਲਈ ਸੰਗਤਾਂ ਨੂੰ ਸੱਦਾ ਦਿੱਤਾ। ਇਸ ਮੌਕੇ ਭਾਈ ਅਮਰੀਕ ਸਿੰਘ ਵੱਲੋਂ ਲਿਖੀਆਂ ਕਿਤਾਬਾਂ (ਦੀ ਸਿੱਖ ਵੇ ਆਫ ਮਾਰਸ਼ਲ ਲਿਵਿੰਗ) ਅਤੇ (ਜਗਤ ਗੁਰੂ ਸੁਆਮੀ) ਕਮੇਟੀ ਵੱਲੋਂ ਰਿਲੀਜ਼ ਕੀਤੀਆਂ ਗਈਆਂ। ਇਕ ਐਮ. ਪੀ. ਥ੍ਰੀ ਜਿਸ ਵਿਚ ਗੁਰੂ ਰਵਿਦਾਸ ਜੀ ਦੇ ਚਾਲੀ ਸਲੋਕ ਅਤੇ ਉਹਨਾਂ ਦੇ ਅਰਥ ਹਨ, ਵੀ ਰਿਲੀਜ਼ ਕੀਤੀ ਗਈ।

ਇਸ ਅਵਸਰ ਤੇ ਜਿਹਨਾਂ ਸੇਵਾਦਾਰਾਂ ਨੇ ਲੰਗਰ ਦੀ ਸੇਵਾ ਕੀਤੀ, ਉਹਨਾਂ ਸਾਰਿਆਂ ਨੇ ਕਮੇਟੀ ਵਲੋਂ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਉਹਨਾਂ ਦੇ ਨਾਮ ਹਨ: ਸਤਨਾਮ ਸਿੰਘ, ਜੋਗਿੰਦਰ ਸਿੰਘ, ਤਿਲਕ ਚੁੰਬਰ, ਅਮਨਦੀਪ ਸਿੰਘ, ਕਰਨੈਲ ਸਿੰਘ, ਪੀਟਰ ਦੋਸਾਂਝ, ਉਂਕਾਰ ਸਿੰਘ, ਸੁਰਿੰਦਰ ਕੁਮਾਰ, ਸ: ਹਰਦਿਆਲ ਸਿੰਘ, ਗੁਰਦਿਆਲ ਮੱਲ, ਸ੍ਰੀ ਬਰਿੰਦਰ ਢੰਡਾ ਅਤੇ ਭਾਟੀਆ ਪਰਿਵਾਰ। ਹਰ ਸਾਲ ਦੀ ਤਰ੍ਹਾਂ ਮੇਨ ਫਲੋਟ ਤਿਆਰ ਕਰਨ ਲਈ ਮੋਹਣ ਸੈਂਪਲ ਦਾ ਕਮੇਟੀ ਨੇ ਧੰਨਵਾਦ ਕੀਤਾ। ਦੀਵਾਨ ਦੀ ਸਮਾਪਤ ਤੋਂ ਬਾਅਦ ਅਰਦਾਸ ਕਰਨ ਪਿੱਛੋਂ ਪੰਜ ਪਿਆਰਿਆਂ ਅਤੇ ਖੂਬਸੂਰਤ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਇਆ।

ਇਸ ਤਰ੍ਹਾਂ ਨਗਰ ਕੀਰਤਨ ਵੱਖ ਵੱਖ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਰਸਭਿੰਨਾ ਕੀਰਤਨ ਅਤੇ ਵਾਹਿਗੁਰੂ ਦਾ ਜਾਪ ਕਰਦਿਆਂ ਸ਼ਾਮ ਚਾਰ ਕੁ ਵਜੇ ਗੁਰੂ ਘਰ ਵਿਖੇ ਪਹੁੰਚਿਆ। ਸਮਾਪਤੀ ਦੀ ਅਰਦਾਸ ਉਪਰੰਤ ਪ੍ਰਧਾਨ ਸਤੀਸ਼ ਰੱਲ੍ਹ ਨੇ ਨਗਰ ਕੀਰਤਨ ਦੀ ਨਿਰਵਿਘਨ ਸਮਾਪਤੀ ਲਈ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਸਾਲ ਇਸੇ ਤਰ੍ਹਾਂ ਪਹੁੰਚਣ ਦੀ ਸੰਗਤਾਂ ਨੂੰ ਬੇਨਤੀ ਕੀਤੀ।

ਦਿਨ ਸ਼ਨਿਚਰਵਾਰ ਰੈਣ ਸੁਬਾਈ ਕੀਰਤਨ ਵਿਚ ਗਿਆਨੀ ਹਰਬਿਲਾਸ ਸਿੰਘ ਜੀ (ਫਰਿਜ਼ਨੋ), ਭਾਈ ਮਨਜੀਤ ਸਿੰਘ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸਕੱਤਰ ਜੀਵਨ ਰੱਤੂ ਨੇ ਧਾਰਮਿਕ ਗੀਤਾਂ ਨਾਲ ਹਾਜ਼ਰੀ ਲਵਾਈ।

ਇਸੇ ਦਿਨ ਸੰਗੀਤ ਗਰੁੱਪ ਦੇ ਭਾਈ ਅਨੂਪ ਸਿੰਘ ਚੀਮਾ, ਭਾਈ ਤਰਲੋਕ ਸਿੰਘ ਨੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨੇ ਸ਼ੁਰੂ ਅਤੇ ਅੰਤ ਵਿਚ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦਿਨ ਸ੍ਰੀ ਮੋਹਣ ਰਾਮ ਪਾਲ, ਅਮਰ ਵੈਦਵਾਨ ਨਿਊਯਾਰਕ ਗੁਰੂ ਘਰ ਦੇ ਪ੍ਰਧਾਨ ਸ. ਨਿਰਮਲ ਸਿੰਘ ਨੇ ਵਧਾਈ ਦਿੰਦਿਆਂ ਸ਼ਬਦਾਂ ਦੀ ਸਾਂਝ ਪਾਈ। ਛੋਟੀ ਬੱਚੀ ਖੁਸ਼ੀ ਰੱਤੂ ਅਤੇ ਬੀਬੀ ਮਨਦੀਪ ਕੌਰ ਔਜਲਾ ਨੇ ਵੀ ਇਕ ਇਕ ਸ਼ਬਦਾਂ ਨਾਲ ਹਾਜ਼ਰੀ ਲਵਾਈ। ਪ੍ਰਸ਼ਾਦ ਦੀ ਸੇਵਾ ਹਮੇਸ਼ਾ ਦੀ ਤਰ੍ਹਾਂ ਪ੍ਰੇਮ ਸਾਗਰ ਨੇ ਨਿਭਾਈ।

ਇਸੇ ਦਿਨ ਗੁਰੂ ਘਰ ਦੇ ਵਾਈਸ ਚੇਅਰਮੈਨ ਬਲਵਿੰਦਰ ਰੱਲ੍ਹ ਦੇ ਸਵ: ਮਾਤਾ ਪ੍ਰੀਤਮ ਕੌਰ ਜੀ ਦੇ ਪੈਟਰਨ ਹੋਣ ਦਾ ਸਿਰੋਪਾ ਸਾਹਿਬ ਉਹਨਾਂ ਦੀ (ਸੱਸ ਮਾਂ) ਨਿਰੰਜਣ ਕੌਰ ਨੂੰ ਦਿੱਤਾ ਗਿਆ। ਨੌਜਵਾਨ ਸਭਾ, ਕਿਡਜ਼ ਕਮੇਟੀ ਅਤੇ ਬੀਬੀਆਂ-ਭੈਣਾਂ ਵੱਲੋਂ ਅਖੰਡ ਪਾਠ ਸਾਹਿਬ ਕਰਵਾਉਣ ਤੋਂ ਇਲਾਵਾ ਹਰ ਤਰ੍ਹਾਂ ਦੀ ਸੇਵਾ ਦਾ ਗੁਰੂ ਘਰ ਵਿਖੇ ਯੋਗਦਾਨ ਪਾਇਆ ਗਿਆ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਇਸ ਕਾਰਜ ਦੀ ਮਹਾਨ ਕਾਮਯਾਬੀ ਦਾ ਸਿਹਰਾ ਸਮੂਹ ਸੰਗਤਾਂ ਨੂੰ ਜਾਂਦਾ ਹੈ।

ਇਸ ਦੇ ਨਾਲ ਨਾਲ ਪ੍ਰਬੰਧਕ ਕਮੇਟੀ ਦੀ ਵਧੀਆ ਕਾਰਗੁਜ਼ਾਰੀ ਅਤੇ ਅਣਥੱਕ ਮਿਹਨਤ ਸਦਕਾ ਅਤੇ ਸੁਚੱਜੇ ਪ੍ਰਬੰਧ ਦਾ ਵੀ ਅਹਿਮ ਰੋਲ ਰਿਹਾ। ਪ੍ਰਬੰਧਕ ਕਮੇਟੀ ਦੇ ਮੈਂਬਰ (ਚੇਅਰਮੈਨ) ਬਲਬੀਰ ਸਿੰਘ ਕਲੇਰ, ਵਾਈਸ ਚੇਅਰਮੈਨ ਬਲਵਿੰਦਰ ਰੱਲ੍ਹ, ਪ੍ਰਧਾਨ ਸਤੀਸ਼ ਰੱਲ੍ਹ, ਵਾਈਸ ਪ੍ਰਧਾਨ ਸਤਨਾਮ ਮੰਢਾਲੀ, ਵਾਈਸ ਪ੍ਰਧਾਨ ਕਰਨੈਲ ਵਿਰਕ, ਕੈਸ਼ੀਅਰ ਮਹਿੰਦਰ ਸਿੰਘ ਧਾਮੀ, ਆਫਿਸ ਸੈਕਟਰੀ ਰਾਜ ਬੱਧਨ, ਸਟੇਜ ਸੈਕਟਰੀ ਜੀਵਨ ਰੱਤੂ, ਕੈਸ਼ੀਅਰ ਇੰਦਰਜੀਤ ਪੱਡਬੱਗਾ, ਜਸਵਿੰਦਰ ਮਡਾਰਾ, ਦਿਲਬਾਗ ਰਾਣਾ, ਪੀ. ਆਰ. ਓ. ਜਸਵੰਤ ਜੱਸੀ ਸ਼ੀਮਾਰ, ਕਿਚਨ ਮੈਨੇਜਰ ਹਰਬੰਸ ਰੱਲ੍ਹ ਤੇ ਸਲਾਕਹਾਰ ਅਜੀਤ ਰਾਮ ਬੰਗੜ।

ਅਤੇ ਬਿਲਡਿੰਗ ਕਮੇਟੀ ਦੇ ਮੈਂਬਰਾਂ (ਦਰਸ਼ਨ ਵਿਰਕ, ਜੋਗਿੰਦਰ ਚੁੰਬਰ, ਜੱਸੀ ਬੰਗਾ, ਮਨਜੀਤ ਸਿੰਘ ਰੱਲ੍ਹ, ਸੁਰਿੰਦਰ ਸਿੰਘ ਮੱਲ, ਅਵਤਾਰ ਸਿੱਧੂ, ਮੱਖਣ ਲੁਹਾਰ, ਗੁਰਦਿਆਲ ਬੱਲ, ਕਸ਼ਮੀਰ ਹੀਰਾ ਅਤੇ ਰਮੇਸ਼ ਬੰਗੜ) ਨੇ ਇਸ ਮਹਾਨ ਨਗਰ ਕੀਰਤਨ ਨੂੰ ਸਫਲ ਬਣਾਉਣ ਵਿਚ ਬੜੀ ਹੀ ਅਹਿਮ ਭੂਮਿਕਾ ਨਿਭਾਈ। ਰਾਜ ਕੁਮਾਰ ਸੂਦ ਅਤੇ ਮਨਜੀਤ ਪਾਲ ਨੇ ਵੀ ਨਗਰ ਕੀਰਤਨ ਦੀਆਂ ਤਿਆਰੀਆਂ ਤੇ ਸਮਾਪਤੀ ਤੋਂ ਬਾਅਦ ਅਣਥੱਕ ਸੇਵਾ ਕਰਕੇ ਅਹਿਮ ਯੋਗਦਾਨ ਪਾਇਆ।

ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਪੁੱਜੀਆਂ ਗੁਰੂ ਰਵਿਦਾਸ ਸਭਾਵਾਂ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਯੂਬਾ ਸਿਟੀ ਨੇ ਇਸ ਨਗਰ ਕੀਰਤਨ ਵਿਚ ਪਹੁੰਚ ਕੇ ਆਪਣਾ ਵਡਮੁੱਲਾ ਯੋਗਦਾਨ ਵੀ ਪਾਇਆ ਅਤੇ ਨਗਰ ਕੀਰਤਨ ਦੀ ਸ਼ਾਨ ਵਿਚ ਵਾਧਾ ਕੀਤਾ।

ਗੁਰੂ ਘਰ ਦੇ ਸੇਵਕਾਂ ਤੇ ਪਾਠੀ ਸਾਹਿਬਾਨਾਂ (ਭਾਈ ਨਿਰਮਲ ਸਿੰਘ, ਭਾਈ ਜਸਪਾਲ ਸਿੰਘ ਤੇ ਭਾਈ ਦਲਜੀਤ ਸਿੰਘ ਤੇ ਬਾਕੀ ਸਹਿਯੋਗੀ ਪਾਠੀ ਸਾਹਿਬਾਨਾਂ) ਨੇ ਗੁਰੂ ਘਰ ਦੀ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਹਰ ਕਾਰਜ ਵਿਚ ਆਪਣਾ ਪੂਰਾ ਸਹਿਯੋਗ ਦਿੱਤਾ ਜੋ ਕਾਬਿਲੇ-ਤਾਰੀਫ ਹੈ। ਨਗਰ ਕੀਰਤਨ ਦੇ ਚਲਦੇ ਨੌਜਵਾਨਾਂ, ਬੱਚੇ ਤੇ ਬੱਚੀਆਂ ਵੱਲੋਂ ਲੰਗਰ ਤੇ ਸਫਾਈ ਦੀ ਸੇਵਾ ਬਾਖੂਬੀ ਨਿਭਾਈ ਗਈ।

ਗਲੋਬਲ ਪੰਜਾਬ ਟੀ. ਵੀ. ਵੱਲੋਂ ਇਸ ਵਾਰ ਦੂਜੀ ਵਾਰ ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਦਿਖਾਇਆ ਗਿਆ। ਜਿਸਨੂੰ ਸਪਾਂਸਰ ਜੱਸੀ ਬੰਗਾ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤਾ ਗਿਆ। ਲਾਈਵ ਟੈਲੀਕਾਸਟ ਕਰਾਉਣ ਦਾ ਸਿਹਰਾ ਜੱਸੀ ਬੰਗਾ ਤੇ ਉਹਨਾਂ ਦੇ ਪਰਿਵਾਰ ਨੂੰ ਜਾਂਦਾ ਹੈ। ਜਗਦੇਵ ਭੰਡਾਲ ਗਲੋਬਲ ਪੰਜਾਬ ਟੀ. ਵੀ. ਵੱਲੋਂ ਆਪਣੀ ਪੂਰੀ ਟੀਮ ਲੈ ਕੇ ਪਹੁੰਚੇ, ਜਿਹਨਾਂ ਵਿਚੋਂ ਆਸ਼ਾ ਸ਼ਰਮਾ ਜੀ ਤੇ ਸੁਖਦੇਵ ਸਾਹਿਲ ਨੇ ਆਪਣੇ ਬੜੇ ਹੀ ਕੀਮਤੀ ਵਿਚਾਰ ਸੰਗਤ ਨਾਲ ਸਾਂਝੇ ਕੀਤੇ। ਆਸ਼ਾ ਸ਼ਰਮਾ ਨੇ ਹਮੇਸ਼ਾ ਵਾਂਗ ਹੀ ਆਪਣੀ ਵਿਲੱਖਣ ਸ਼ਬਦਾਵਲੀ ਵਿਚ ਸੰਗਤਾਂ ਨੂੰ ਗੁਰੂ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਵੱਖ-ਵੱਖ ਅਖ਼ਬਾਰਾਂ, ਰੇਡੀਓ ਅਤੇ ਟੀ. ਵੀ. ਸਮੁੱਚੇ ਮੀਡੀਏ ਨੇ ਇਸ ਕੀਰਤਨ ਵਿਚ ਹਾਜ਼ਰੀ ਲਵਾਈ ਅਤੇ ਖਬਰਾਂ ਕੋਨੇ-ਕੋਨੇ ਤੱਕ ਪਹੁੰਚਾਉਣ ਵਿਚ ਮਦਦ ਕੀਤੀ। ਸੋਨੂੰ ਚੱਠਾ ਅਤੇ ਪ੍ਰਦੀਪ ਚੱਠਾ ਵੱਲੋਂ ਵੀਡੀਓ ਅਤੇ ਫੋਟੋਗ੍ਰਾਫੀ ਲਈ ਵਿਸ਼ੇਸ਼ ਯੋਗਦਾਨ ਦਿੱਤਾ ਗਿਆ। ਉਹਨਾਂ ਵੱਲੋਂ ਨਗਰ ਕੀਰਤਨ ਦੀ ਵੀਡੀਓ ਜਸ ਪੰਜਾਬੀ ਟੀ. ਵੀ. ਲਈ ਵੀ ਤਿਆਰ ਕੀਤੀ ਗਈ।

ਦੂਰੋਂ-ਦੂਰੋਂ ਆਈਆਂ ਸੰਗਤਾਂ, ਸਭਾਵਾਂ ਅਤੇ ਰਿਓਲਿੰਡਾ ਗੁਰੂ ਘਰ ਦੀਆਂ ਸਾਬਕਾ ਕਮੇਟੀਆਂ ਨੇ ਵੀ ਆਪਣਾ ਪੂਰਾ-ਪੂਰਾ ਯੋਗਦਾਨ ਦਿੱਤਾ।

**ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ (ਪੀ. ਆਰ. ਓ.) ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਨੇ ਦਿੱਤੀ।**

# ਸਪੇਨ ਵਿਚ ਅੰਬੇਦਕਰਾਈਟ ਬੁਧਿੱਸਟ ਸੁਸਾਇਟੀ ਤੇ ਬੀ ਐਸ ਪੀ ਸਮਰਥਕ ਗਰੁੱਪ ਨੇ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਇਆ

ਜਿਰੋਨਾ- ਸਪੇਨ ਦੇ ਸ਼ਹਿਰ ਜਿਰੋਨਾ ਵਿਖੇ ਅੰਬੇਦਕਰਾਈਟ ਬੁੱਧਿਸਟ ਸੁਸਾਇਟੀ ਅਤੇ ਬੀ. ਐਸ. ਪੀ. ਸਪੋਰਟਿੰਗ ਗਰੁੱਪ ਸਪੇਨ ਵੱਲੋਂ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਤ੍ਰੀ ਸ਼ਰਣ ਅਤੇ ਪੰਚਸ਼ੀਲ ਦੇ ਉਚਾਰਣ ਨਾਲ ਹੋਈ। ਬੀ. ਐਸ. ਪੀ. ਸੁਪੋਰਅਿੰਗ ਗਰੁੱਪ ਸਪੇਨ ਦੇ ਪ੍ਰਧਾਨ ਪਵਨ ਮਹਿਮੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਵੱਲੋਂ ਸਮਾਜ ਪਰਿਵਰਤਨ ਲਈ ਬੇਗਮਪੁਰਾ ਦਾ ਸੰਕਲਪ ਦਿੱਤਾ ਗਿਆ ਹੈ। ਬਹੁਜਨ ਸਮਾਜ ਨੂੰ ਸਮਝਣ ਦੀ ਵੱਡੀ ਲੋੜ ਹੈ, ਬੇਗਮਪੁਰਾ ਸੰਕਲਪ ਮੌਤ ਤੋਂ ਬਾਅਦ ਨਹੀਂ, ਜਿਉਂਦੇ ਜੀਅ ਧਰਤੀ 'ਤੇ ਮਨੁੱਖਤਾ ਦੇ ਭਲੇ, ਜਾਤ ਰਹਿਤ, ਵਿਤਕਰਾ ਰਹਿਤ, ਆਡੰਬਰ ਰਹਿਤ ਸਮਾਜ ਸਿਰਜਣ ਦਾ ਸੰਕਲਪ ਹੈ। ਇਸ ਲਈ ਮਨੂੰਵਾਦ ਦਾ ਪਰਦਾਫਾਸ਼ ਕਰਨ ਦੀ ਲੋੜ ਹੈ।

ਜੋ ਗੁਰੂ ਜੀ ਦੇ ਬੇਗਮਪੁਰਾ ਨੂੰ ਨਾਮਦਾਨਾਂ ਦੇ ਚੱਕਰਵਿਊ ਵਿਚ ਫਸਾ ਕੇ ਬਹੁਜਨ ਸਮਾਜ ਦਾ ਘਾਣ ਕਰ ਰਿਹਾ ਹੈ। ਗੁਰੂ ਜੀ ਕ੍ਰਾਂਤੀ ਬਹੁਜਨ ਸਮਾਜ ਨੂੰ ਇੱਕ ਹੋਣ ਦਾ ਹੋਕਾ ਦੇ ਰਹੀ ਹੈ। ਦਿੱਲੀ ਦੀ ਰਾਜ ਗੱਦੀ ਵੱਲ ਵਧਣ ਦਾ ਹੋਕਾ ਦੇ ਰਹੀ ਹੈ। ਸਾਨੂੰ ਇੱਕਮੁਠ ਹੋ ਕੇ ਮਨੂੰਵਾਦ ਦੀਆਂ ਲੂੰਬੜ ਚਾਲਾਂ ਦਾ ਟਾਕਰਾ ਕਰਕੇ ਗੁਰੂ ਜੀ ਦੀ ਨਿਰੋਲ ਵਿਚਾਰਧਾਰਾ ਨੂੰ ਫੈਲਾਉਣ ਦੀ ਲੋੜ ਹੈ ਤਾਂ ਕਿ ਗੁਰੂ ਜੀ ਦਾ ਬੁੱਧਮਈ ਬੇਗਮਪੁਰਾ ਸਿਰਜਿਆ ਜਾ ਸਕੇ।

ਅੰਬੇਦਕਰਾਈਟ ਬੁੱਧਿਸਟ ਸੁਸਾਇਟੀ ਸਪੇਨ ਦੇ ਕੈਸ਼ੀਅਰ ਦਵਿੰਦਰ ਮੋਮੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਸਮਾਨਤਾ, ਨਿਆਂ ਅਤੇ ਭਾਈਚਾਰੇ ਲਈ ਹੈ, ਜਿਸ ਤੋਂ ਸੰਸਾਰ ਨੂੰ ਸੇਧ ਲੈਣ ਦੀ ਲੋੜ ਹੈ ਕਿਉਂਕਿ ਸਾਡੇ ਬਹੁਜਨ ਮੂਲ ਨਿਵਾਸੀ ਮਹਾਂਪੁਰਸ਼ਾਂ ਨੇ ਬੁੱਧਮਈ ਬੇਗਮਪੁਰਾ ਨੂੰ ਪ੍ਰਸਾਰਿਆ-ਪ੍ਰਸਾਰਿਆ ਹੈ। ਇਸ ਲਈ ਸਾਨੂੰ ਆਪਣੇ ਅਸਲੀ ਇਤਿਹਾਸ ਦੇ ਸਾਹਿਤ ਨੂੰ ਫੈਲਾਉਣ ਦੀ ਲੋੜ ਹੈ ਤਾਂ ਜੋ ਬਹੁਜਨ ਸਮਾਜ ਬਹੁਜਨ ਮੂਲ ਨਿਵਾਸੀ ਇਤਿਹਾਸ ਤੋਂ ਜਾਣੂ ਹੋ ਕੇ ਜਾਗਰਿਤ ਹੋ ਸਕੇ।

ਅੰਬੇਦਕਰਾਈਟ ਬੁੱਧਿਸਟ ਸੁਸਾਇਟੀ ਸਪੇਨ ਦੇ




ਸਕੱਤਰ ਸੰਤ ਕੁਮਾਰ ਬੋਧ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਬਗਾਵਤ ਨੂੰ ਮਨੂੰਵਾਦ ਛੁਪਾਉਂਦਾ ਹੀ ਆ ਰਿਹਾ ਹੈ, ਕਿਉਂਕਿ ਗੁਰੂ ਜੀ ਦੀ ਵਿਚਾਰਧਾਰਾ ਬੁੱਧਮਈ ਵਿਚਾਰਧਾਰਾ ਨੂੰ ਅੱਗੇ ਤੋਰਦੀ ਹੈ। ਜਿਸ ਵਿਚ ਗਰੀਬੀ ਅਤੇ ਜਾਤ ਪਾਤ ਲਈ ਕੋਈ ਜਗ੍ਹਾ ਨਹੀਂ ਹੈ। ਜੋ ਸਮਾਨਤਾ, ਨਿਆਂ ਅਤੇ ਭਾਈਚਾਰੇ 'ਤੇ ਆਧਾਰਿਤ ਰਾਜ ਸਥਾਪਤੀ ਦਾ ਐਲਾਨ ਕਰਦੀ ਹੈ, ਜੋ ਮਨੂੰਵਾਦ ਨੂੰ ਪਚਦਾ ਨਹੀਂ ਹੈ। ਮਨੂੰਵਾਦ ਚਤੁਰ ਵਰਣ ਵਿਵਸਥਾ ਤੇ ਗਰੀਬੀ ਨੂੰ ਜਿਉਂਦਾ ਰੱਖਦਾ ਹੈ ਜੋ ਬਹੁਜਨ ਸਮਾਜ ਤੋਂ ਸਮਾਨਤਾ, ਨਿਆਂ, ਭਾਈਚਾਰੇ ਦਾ ਹੱਕ ਖੋਂਹਦੀ ਹੈ। ਸਮਾਜ ਵਿਚ ਵੰਡੀਆਂ ਪਾਉਂਦੀ ਹੈ, ਗੁਲਾਮ ਬਣਾਉਂਦੀ ਹੈ। ਜੋ ਗੁਰੂ ਜੀ ਨੂੰ ਕਦੇ ਵੀ ਕਬੂਲ ਨਹੀਂ ਹੈ। ਉਹ ਚਤੁਰ ਵਰਣ ਵਿਵਸਥਾ ਤੇ ਗਰੀਬੀ ਨੂੰ ਜੜੋਂ ਨਕਾਰਦੇ ਹਨ ਤੇ ਕ੍ਰਾਂਤੀਕਾਰੀ ਬਗਾਵਤ ਦਾ ਐਲਾਨ ਕਰਦੇ ਹੋਏ ਬਹੁਜਨ ਸਮਾਜ ਨੂੰ ਇਕ ਹੋ ਕੇ ਖੁਸਿਆ ਹੋਇਆ ਬੁੱਧਮਈ ਬੇਗਮਪੁਰਾ ਮੁੜ ਹਾਸਲ ਕਰਨ ਦਾ ਐਲਾਨ ਕਰਦੇ ਹਨ। ਜੋ ਸਮਾਨਤਾ, ਨਿਆਂ ਤੇ ਭਾਇਚਾਰੇ ਤੇ ਆਧਾਰਿਤ ਹੈ। ਜਿਸ ਵਿਚ ਜਾਤ ਪਾਤ, ਵਿਤਕਰੇ ਲਈ ਕੋਈ ਜਗ੍ਹਾ ਨਹੀਂ ਹੈ ਪਰ ਸਮਾਜ ਗੁਰੂ ਜੀ ਦੀ ਤਸਵੀਰ ਪੂਜਣ ਤੱਕ ਸਿਮਟ ਕੇ ਰਹਿ ਗਿਆ ਹੈ। ਉਹਨਾਂ ਦੀ ਸੋਚ ਨੂੰ ਨਹੀਂ ਅਪਣਾਇਆ। ਸਗੋਂ ਵਿਰੋਧੀ ਕ੍ਰਾਂਤੀ ਦੀ ਲਪੇਟ ਵਿਚ ਜਕੜਿਆ ਹੋਇਆ ਹੈ। ਗੁਰੂ ਜੀ ਜਾਤ ਪਾਤ ਨੂੰ ਜੜ੍ਹੋਂ ਨਕਾਰਦੇ ਹਨ ਪਰ ਸਮਾਜ ਜਾਤਾਂ ਦੇ ਨਾਵਾਂ ਦੀਆਂ ਬੜਕਾਂ ਮਾਰ ਰਿਹਾ ਹੈ, ਗੀਤ ਗਾ ਰਿਹਾ ਹੈ। ਮਤਲਬ ਬ੍ਰਾਹਮਣਵਾਦ ਦੇ ਰਾਜ ਨੂੰ ਮਜ਼ਬੂਤ ਕਰ ਰਿਹਾ ਹੈ।

ਜੇ ਸੱਚੇ ਦਿਲੋਂ ਗੁਰੂ ਜੀ ਦਾ ਸਤਿਕਾਰ ਕਰਦੇ ਹੋ ਤਾਂ ਅੱਜ ਬਹੁਜਨ ਸਮਾਜ ਨੂੰ ਪ੍ਰਣ ਲੈਣ ਦੀ ਲੋੜ ਹੈ ਕਿ ਜਾਤ ਤੋੜੋ, ਬਹੁਜਨ ਸਮਾਜ ਜੋੜੋ ਤਾਂ ਕਿ ਗੁਰੂ ਜੀ ਦੇ ਬੁੱਧਮਈ ਬੇਗਮਪੁਰੇ ਦੇ ਸੰਕਲਪ ਨੂੰ ਪੂਰਾ ਹੋਣ ਤੋਂ ਕੋਈ ਨਾ ਰੋਕ ਸਕੇ।

ਅੰਬੇਕਰਾਈਟ ਬੁੱਧਿਸਟ ਸੁਸਾਇਟੀ ਸਪੇਨ ਦੇ ਵਾਈਸ ਸੈਕਟਰੀ ਵਿਜੇ ਕੁਮਾਰ ਬੋਧ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਝੂਠ, ਪਾਖੰਡ, ਵਹਿਮਾਂ ਭਰਮਾਂ, ਅਡੰਬਰਵਾਦ ਦਾ ਵਿਰੋਧ ਕਰਦੀ ਹੈ, ਅਜਿਹੀ ਵਿਚਾਰਧਾਰਾ ਦੀ ਸੰਸਾਰ ਨੂੰ ਲੋੜ ਹੈ ਤਾਂ ਕਿ ਤਰਕਵਾਦ ਦਾ ਸਮਾਜ ਸਿਰਜਿਆ ਜਾ ਸਕੇ। ਮਿਸ਼ਨਰੀ ਗਾਇਕ ਰਾਜੀਵ ਮਹਿਮੀ ਨੇ ਕ੍ਰਾਂਤੀਕਾਰੀ ਰਚਨਾਵਾਂ ਗਾ ਕੇ ਬਹੁਜਨ ਸਮਾਜ ਜਾਤ ਤੋੜੋ, ਬਹੁਜਨ ਸਮਾਜ ਜੋੜੋ ਦਾ ਸੁਨੇਹਾ ਦਿੱਤਾ।

ਇਸ ਮੌਕੇ ਗੁਰੂ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਅੰਬੇਡਕਰਾਈਟ ਬੁੱਧਿਸਟ ਸੁਸਾਇਟੀ ਸਪੇਨ ਅਤੇ ਬੀ. ਐਸ. ਪੀ. ਸਪੋਰਟਿੰਗ ਗਰੁੱਪ ਸਪੇਨ ਵੱਲੋਂ ਵਿਸ਼ੇਸ਼ ਤੌਰ ਤੇ ਕੇਕ ਕੱਟਿਆ ਗਿਆ। ਇਸ ਮੌਕੇ ਸਮਾਗਮ ਵਿਚ ਸੁਰਿੰਦਰ ਮਹਿਮੀ, ਪਰਮਜੀਤ ਵਿਰਦੀ, ਰੌਸ਼ਨ ਲਾਲ, ਡਾਇਮੰਡ, ਵਿਜੇ, ਆਤਮ ਰਾਮ, ਬਲਵਿੰਦਰ ਜੱਖੂ, ਤਰਸੇਮ ਲਾਲ, ਅਮਰਿੰਦਰ ਮਿੰਦੀ, ਜਸਵੀਰ ਮੱਲ, ਨਰਿੰਦਰ ਨੰਦੂ, ਅਨਿਲ ਅਰੋੜਾ, ਜੈ ਪ੍ਰਕਾਸ਼, ਜੈ ਰਾਮ, ਬਲਵੀਰ ਸਰੋਏ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਡਾ.ਅੰਬੇਦਕਰ: ਅਚਾਰੀਆ ਚਤੁਰਸੇਨ ਸ਼ਾਸਤਰੀ ਦੀ ਨਜ਼ਰ 'ਚ



ਅਨੁਵਾਦਕ
-ਹਰਮੇਸ਼ ਜੱਸਲ
94644-83080

ਅਚਾਰੀਆ ਚਤੁਰਸੇਨ ਸਾਸ਼ਤਰੀ, ਜਿੰਨੇ ਉਚ ਕੋਟੀ ਦੇ ਅਯੁਰਵੈਦ ਦੇ ਮਾਹਿਰ ਸਨ, ਉਨੇ ਹੀ ਮਹਾਨ ਸਾਹਿਤਕਾਰ ਵੀ ਸਨ। ਆਯੁਰਵੈਦ ਨੂੰ ਉਹਨਾਂ ਨੇ ਰੋਜ਼ੀ-ਰੋਟੀ ਦਾ ਅਤੇ ਲੇਖਨ ਨੂੰ ਉਹਨਾਂ ਨੇ ਮਾਨਸਿਕ ਸ਼ਾਂਤੀ ਦਾ ਜ਼ਰੀਆ ਬਣਾਇਆ। ਉਹਨਾਂ ਨੇ ਕਿੰਨਾ ਵਿਸ਼ਾਲ ਸਾਹਿਤ ਰਚਿਆ, ਉਹ ਵੀ ਉੱਚ ਕੋਟੀ ਦਾ ਪ੍ਰਮਾਣਿਕ ਅਤੇ ਲੋਕਪ੍ਰਿਆ, ਜਾਣ ਕੇ ਹੈਰਾਨੀ ਹੁੰਦੀ ਹੈ। ਡਾ. ਅੰਬੇਦਕਰ ਦੇ ਉਹ ਪ੍ਰਸ਼ੰਸਕ ਸਨ, ਇਸ ਲਈ ਉਹਨਾਂ ਨੇ ਜਿਹੜੀ ਆਪਣੀ ਸਵੈ ਜੀਵਨੀ ਲਿਖੀ, ਉਸ ਵਿਚ ਡਾ. ਅੰਬੇਦਕਰ ਬਾਰੇ ਜੋ ਲਿਖਿਆ, ਉਹ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। 'ਮੇਰੀ ਆਤਮ ਕਹਾਣੀ' 'ਚ ਡਾ. ਅੰਬੇਦਕਰ ਸਾਹਿਬ ਬਾਰੇ ਲਿਖਦੇ ਹਨ: 'ਆਪਣੇ ਦੋ ਦੋਸਤਾਂ ਨੂੰ, ਮੈਂ ਭੁੱਲ ਨਹੀਂ ਸਕਦਾ। ਇਕ ਡਾ. ਅੰਬੇਦਕਰ ਅਤੇ ਦੂਜੇ ਰਾਜਾ ਮਹਿੰਦਰ ਪ੍ਰਤਾਪ। ਦੋਵੇਂ ਹੀ ਕਾਬਲ ਪੁਰਸ਼ ਸਨ। ਮੇਰੇ ਕੰਨਾਂ 'ਚ ਡਾ. ਅੰਬੇਦਕਰ ਦੀ ਗੰਭੀਰ ਆਵਾਜ਼ ਗੂੰਜ ਉੱਠਦੀ ਹੈ, ਜੋ ਉਸ ਉੱਤਮ ਪੁਰਸ਼ ਦੀ ਵਿਅਕਤੀਗਤ ਵਿਸ਼ੇਸ਼ਤਾ ਸੀ। ਲੋਕ ਕਹਿੰਦੇ ਹਨ ਕਿ ਉਹ ਕਾਨੂੰਨ ਦੇ ਬੇਜੋੜ ਵਿਦਵਾਨ ਸਨ। ਆਰੀਆ ਧਰਮ ਸ਼ਾਸਤਰਾਂ ਦੇ ਉਹ ਕਿੰਨੇ ਡੂੰਘੇ ਚਿੰਤਕ ਸਨ, ਇਸ ਗੱਲ ਦਾ ਗਵਾਹ ਤਾਂ ਮੈਂ ਖੁਦ ਹਾਂ। ਉਹ ਸ਼ਰਧਾ ਅਤੇ ਅੰਧ ਵਿਸ਼ਵਾਸ ਦੇ ਝਮੇਲਿਆਂ ਤੋਂ ਸਾਫ ਸੁਥਰਾ ਰਹਿ ਕੇ ਝਾੜੇ-ਬੂਝਿਆਂ 'ਚ ਉਲਝੀਆਂ ਹੋਈਆਂ, ਉਹਨਾਂ ਸਭਿਆਚਾਰਕ ਬੁਰਾਈਆਂ ਨੂੰ ਫਟਾਫਟ ਤਾੜ ਲੈਂਦੇ ਸਨ, ਜਿਹਨਾਂ ਕਰਕੇ ਜਾਤੀਆਂ ਦਾ ਉਥਾਨ-ਪਤਨ ਹੁੰਦਾ ਹੈ। ਇਹ ਖੋਜ ਸ਼ਕਤੀ, ਉਹਨਾਂ ਦੇ ਗਿਆਨ ਅਤੇ ਅਧਿਐਨ ਕਰਕੇ ਪੈਦਾ ਨਹੀਂ ਹੋਈ ਬਲਕਿ ਇਹ ਉਸ ਪ੍ਰਤੀਕਿਰਿਆ ਤੋਂ ਉਤਪੰਨ ਹੋਈ ਸੀ, ਜੋ ਉਚ ਜਾਤੀ ਹਿੰਦੂਆਂ ਦੇ ਹੱਥੋਂ ਹੋਏ, ਅਪਮਾਨ ਦੇ ਫਲਸਰੂਪ ਆਈ ਸੀ।

ਗਿਆਨੀ ਅਤੇ ਤੇਜੱਸਵੀ ਪੁਰਸ਼ ਅੱਗ ਅਤੇ ਸੂਰਜ ਦੇ ਸਮਾਨ ਅਸਹਿ ਹੁੰਦੇ ਹਨ। ਉਹਨਾਂ ਨਾਲ ਸਭ ਤੋਂ ਪਹਿਲਾਂ ਉਹ ਪੁਰਸ਼ ਹੀ ਝੁਲਸਦੇ-ਜਲਦੇ ਹਨ, ਜੋ ਉਹਨਾਂ ਦੇ ਜ਼ਿਆਦਾ ਨੇੜੇ ਰਹਿੰਦੇ ਹਨ। ਇਸੇ ਕਰਕੇ ਕਿਸੇ ਤੇਜੱਸਵੀ ਪੁਰਸ਼ ਦੀ ਸੇਵਾ ਕਰਨਾ ਸੌਖਾ ਕੰਮ ਨਹੀਂ ਹੈ। ਅਜਿਹੇ ਪੁਰਸ਼ਾਂ ਦੀਆਂ ਪਤਨੀਆਂ, ਪਰਿਵਾਰਕ ਲੋਕ ਅਤੇ ਸ਼ਰਧਾਲੂ ਹੀ ਜ਼ਿਆਦਾਤਰ ਉਹਨਾਂ ਕੋਲੋਂ ਦੁਖੀ ਹੁੰਦੇ ਰਹਿੰਦੇ ਹਨ। ਪ੍ਰੰਤੂ ਤੇਜੱਸਵੀ ਪੁਰਸ਼ ਸਭ ਤੋਂ ਜ਼ਿਆਦਾ ਦੁਖੀ ਖੁਦ ਹੀ ਹੁੰਦਾ ਹੈ, ਆਪਣੇ ਹੀ ਤੇਜ਼ ਨਾਲ। ਸੰਸਾਰ ਨੂੰ ਜਲਾ ਕੇ ਰਾਖ ਕਰ ਦੇਣ ਵਾਲੀ ਸ਼ਕਤੀ ਵਾਲਾ ਤੇਜ਼, ਜਿਸ ਸਰੀਰ ਵਿਚ, ਜਿਸ ਚੇਤਨਾ ਵਿਚ ਰਹਿੰਦਾ ਹੈ, ਉਹ ਉਸ ਸਰੀਰ ਨੂੰ ਵੀ ਜਲਾਇਆ ਕਰਦਾ ਹੈ। ਉਸ ਜਲਨ ਦੀ ਅਨੁਭੂਤੀ ਨੂੰ ਤੇਜ਼ਵਾਨ ਪੁਰਸ਼ ਜੀਵਨ ਭਰ ਸਹਿੰਦੇ ਰਹਿੰਦੇ ਹਨ। ਅਜਿਹੀ ਹਾਲਤ ਵਿਚ ਉਹ ਇਸ ਗੱਲ ਦੀ ਕਿੱਥੇ ਪਰਵਾਹ ਕਰਦੇ ਹਨ ਕਿ ਉਹਨਾਂ ਦੇ ਸਹਿਯੋਗ ਵੀ, ਉਹਨਾਂ ਕਰਕੇ ਜਲ ਰਹੇ ਹਨ।

ਗਾਂਧੀ ਜੀ ਦੀ ਉਦਾਹਰਣ ਲੈ ਲਵੋ। ਉਹਨਾਂ ਦੀ ਪਤਨੀ ਨੇ ਸਾਰਾ ਜੀਵਨ, ਉਸ ਤੇਜ਼ਵਾਨ ਸੂਰਜ ਦੇ ਤੇਜ਼ ਨਾਲ ਜਲਨ ਦੀ ਅਨੁਭੂਤੀ ਸਹਿਣ ਕਰਦੇ ਹੋਏ ਬਿਤਾਇਆ। ਅਜਿਹੇ ਹੀ ਤੇਜੱਸਵੀ ਪੁਰਸ਼ ਡਾ. ਅੰਬੇਦਕਰ ਸਨ, ਜਿਹਨਾਂ ਦੇ ਤੇਜ਼ ਦੀ ਅਸਹਿ ਜਵਾਲਾ, ਗਾਂਧੀ ਵਰਗੇ ਹਿਮਾਲਾ ਨੂੰ ਵੀ ਛੋਹੇ ਬਿਨਾਂ ਨਾ ਰਹਿ ਸਕੀ।

ਬਹੁਤ ਸਮਾਂ ਹੋਇਆ, ਉਹਨਾਂ ਦਿਨਾਂ ਵਿਚ ਉਹ ਹਿੰਦੂ ਕੋਡ ਬਿਲ ਤਿਆਰ ਕਰ ਰਹੇ ਸਨ। ਹਿੰਦੂਤਵ ਉਪਰ ਉਹਨਾਂ ਦਾ ਬੇਜੋੜ ਅਧਿਕਾਰ ਸੀ। ਅਛੂਤ ਹਿੱਤਾਂ ਲਈ, ਉਹਨਾਂ ਦੇ ਹਿਰਦੇ 'ਚ ਸਿਰਫ ਹਮਦਰਦੀ ਅਤੇ ਨਿਆਂ ਦੀ ਕਲਪਨਾ ਹੀ ਨਹੀਂ ਸੀ, ਉਹ ਸਿਰਫ ਉਹਨਾਂ ਦੇ ਖਾਲੀ ਹਮਾਇਤੀ ਹੀ ਨਹੀਂ ਸਨ, ਉਹ ਤਾਂ ਉਹਨਾਂ ਦੇ ਸਾਥੀ ਤੇ ਅੰਗ ਸਨ। ਉਹ ਚਾਹੇ ਜਿਸ ਵੀ ਪਦਵੀ ਉਤੇ ਰਹੇ, ਉਹ ਇਹ ਕਿਵੇਂ ਭੁੱਲ ਸਕਦੇ ਸਨ ਕਿ ਉਹਨਾਂ ਦੀ ਜਾਤੀ ਪਦਵੀ ਕਿੰਨੀ ਨੀਵੀਂ ਹੈ ਅਤੇ ਉਹ ਇਸਨੂੰ ਅਸਹਿ ਮੰਨਦੇ ਸਨ। ਇਸੇ ਕਰਕੇ ਉਹ ਪੂਰਾ ਜਨਮ ਦਲਿਤਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਲੜਦੇ ਰਹੇ। ਉਹਨਾਂ ਦੀ ਇਹ ਲੜਾਈ ਹੀਣ ਅਤੇ ਦਲਿਤਾਂ ਦੀ ਸਹਾਇਤਾ ਅਤੇ ਹਮਾਇਤ ਲਈ ਨਹੀਂ ਸੀ, ਆਤਮ ਸਵੈਮਾਣ ਲਈ, ਆਤਮ ਉਧਾਰ ਲਈ ਸੀ। ਇਸੇ ਕਰਕੇ ਉਹ ਇੰਨੇ ਬਲਵਾਨ, ਦ੍ਰਿੜ੍ਹ ਅਤੇ ਅਡੋਲ ਰਹੇ ਕਿ ਉਹਨਾਂ ਨੂੰ ਨਾ ਕੋਈ ਲਾਲਚ ਸੁੱਟ ਸਕਿਆ, ਨਾ ਡਰ।

ਜਿਹਨਾਂ ਦਿਨਾਂ ਵਿਚ ਉਹ ਹਿੰਦੂ ਕੋਡ ਬਿਲ ਦਾ ਮਸੌਦਾ ਤਿਆਰ ਕਰ ਰਹੇ ਸਨ, ਮੇਰੀ ਅਕਸਰ ਉਹਨਾਂ ਨਾਲ ਮੁਲਾਕਾਤ ਹੁੰਦੀ ਅਤੇ ਇਸੇ ਵਿਸ਼ੇ ਉਪਰ ਵਿਚਾਰ ਵਟਾਂਦਰਾ ਵੀ ਹੁੰਦਾ ਸੀ। ਔਰਤਾਂ ਨੂੰ ਸਮਾਜ ਵਿਚ ਬਰਾਬਰ ਅਧਿਕਾਰ ਮਿਲਣ ਅਤੇ ਉਹ ਪਤੀਆਂ ਦੇ ਰਹਿਮ ਉਪਰ ਨਾ ਰਹਿਣ, ਇੱਥੋਂ ਤੱਕ ਤਾਂ ਮੈਂ ਉਹਨਾਂ ਨਾਲ ਸਹਿਮਤ ਸੀ, ਪ੍ਰੰਤੂ ਤਲਾਕ ਦਾ ਮੈਂ ਇੱਕਦਮ ਵਿਰੋਧੀ ਸੀ। ਔਰਤਾਂ ਦੀ ਇਹ ਕਾਨੂੰਨੀ ਅਦਲਾ-ਬਦਲੀ ਮੈਨੂੰ ਪਸੰਦ ਨਹੀਂ ਸੀ। ਭਾਰਤੀ ਸੰਯੁਕਤ ਪਰਿਵਾਰ ਦੇ ਮੂਲ ਆਧਾਰਾਂ ਬਾਰੇ, ਉਹਨਾਂ ਨਾਲ ਕਾਫੀ ਗੱਲਬਾਤ ਹੋਈ। ਹਿੰਦੂ ਵਿਆਹ ਅਤੇ ਉਤਰਾਧਿਕਾਰ ਸਬੰਧੀ ਕਾਨੂੰਨਾਂ ਦੇ, ਉਹ ਆਪਣੇ ਸਮੇਂ ਦੇ ਇਕੋ ਇਕ ਪੰਡਤ ਸਨ। ਉਹਨਾਂ ਵਰਗਾ ਕਾਨੂੰਨ ਦਾ ਗਿਆਤਾ ਤਾਂ ਮੈਂ ਸਾਗਰ ਵਾਲੇ ਡਾ. ਹਰੀ ਸਿੰਘ ਗੌੜ ਨੂੰ ਹੀ ਦੇਖਿਆ ਸੀ, ਪਰ ਉਹਨਾਂ 'ਚ ਉਹ ਲਗਨ ਨਹੀਂ ਸੀ। ਮੈਂ ਹੀ ਉਹਨਾਂ ਦਾ ਧਿਆਨ ਇਸ ਤੱਥ ਵੱਲ ਖਿੱਚਿਆ ਸੀ ਕਿ ਹਿੰਦੂ ਵਿਵਹਾਰ (ਕਾਨੂੰਨ) ਸਿਮਰਤੀਆਂ ਦੀ ਵਿਆਖਿਆ ਦੇ ਆਧਾਰ ਉਤੇ ਬਣਿਆ ਹੈ, ਜਦਕਿ ਅੱਜ ਵੀ ਹਿੰਦੂ ਵਿਆਹ ਵੈਦਿਕ ਰੀਤੀ ਨਾਲ ਹੁੰਦੇ ਹਨ। ਵੈਦਿਕ ਅਤੇ ਸਿਮਰਤੀ ਦੇ ਫਰਕ ਸਬੰਧੀ ਵੀ ਸਾਡਾ ਗੰਭੀਰ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਸੀ। ਉਤਰਾਧਿਕਾਰ ਅਤੇ ਸੰਪਤੀ ਬਟਵਾਰੇ ਦੇ ਫਰਕ, ਉਹਨਾਂ ਦਾ ਪ੍ਰਚਲਨ, ਆਰੀਆਂ ਦੀ ਦੋਰੰਗੀ ਵਿਆਹ ਨੀਤੀ, ਵਰਣਸ਼ੰਕਰ, ਅਨੁਲੋਮ, ਪ੍ਰਤੀਲੋਮ, ਮਹਾਂਭਾਰਤ ਵਿਚ ਵਿਆਸ ਦਾ ਵਿਦਰੋਹ, ਪ੍ਰੰਪਰਾ ਦਾ ਲਗਾਤਾਰ ਚਲਦਾ ਵਿਦਰੋਹ- ਇਹਨਾਂ ਸਭਨਾਂ ਸ਼ਾਸਤਰੀ ਗੱਲਾਂ ਉਤੇ ਛਾਣਬੀਣ ਅਤੇ ਗੱਲਬਾਤ ਹੁੰਦੀ ਰਹਿੰਦੀ ਸੀ। ਉਹ ਸਭ ਜਾਣਦੇ ਅਤੇ ਮੰਨਦੇ ਸਨ। ਵੈਸੇ ਉਹ ਸੰਸਕ੍ਰਿਤ ਦੇ ਪੰਡਿਤ ਨਹੀਂ ਸਨ, ਫਿਰ ਵੀ ਉਹਨਾਂ ਨੇ ਸਭ ਧਰਮ ਗ੍ਰੰਥਾਂ ਦੇ ਉਲੱਥੇ ਅੰਗਰੇਜ਼ੀ ਜ਼ੁਬਾਨ ਵਿਚ ਪੜ੍ਹੇ ਸਨ। ਉਹ ਸਭ ਦੀ ਗੱਲ ਸੁਣਦੇ ਅਤੇ ਸਮਝਦੇ ਪਰ ਕਰਦੇ ਆਪਣੀ ਮਰਜ਼ੀ ਸਨ। ਧਰਮ ਗ੍ਰੰਥਾਂ ਨੂੰ ਉਹ ਵਿਸ਼ਵਾਸਯੋਗ ਨਹੀਂ ਮੰਨਦੇ ਸਨ। ਜੋ ਕੁਝ ਇਹਨਾਂ ਵਿਚ ਲਿਖਿਆ ਹੈ, ਉਹ ਅੱਜ ਵੀ ਸਾਨੂੰ ਕਰਨਾ ਚਾਹੀਦਾ ਹੈ, ਇਸ ਢੰਗ ਨੂੰ ਉਹ ਨਿਸਾਰ (ਕੁਰਬਾਨੀ) ਸਮਝਦੇ ਹਨ। ਉਹਨਾਂ ਦਾ ਕਹਿਣਾ ਸੀ ਕਿ ਧਰਮ ਗ੍ਰੰਥ ਤਾਂ ਖੁਦ ਹੀ ਆਪਾ ਵਿਰੋਧੀ ਹਨ। ਵੇਦ, ਬ੍ਰਾਹਮਣ, ਸੂਤਰ ਅਤੇ ਸਿਮਰਤੀਆਂ ਆਪਸ ਵਿਚ ਇੱਕਮਤ ਨਹੀਂ ਹਨ। ਬਾਅਦ ਦੇ ਅਚਾਰੀਆ ਨੇ ਪੂਰਵ ਅਚਾਰੀਆ ਦੀ ਆਗਿਆ ਦਾ ਉਲੰਘਣ ਕੀਤਾ ਹੈ। ਸੋ ਅੱਜ ਮੈਂ ਆਪਣੇ ਪੂਰਵ ਅਚਾਰੀਆਂ ਦਾ ਉਲੰਘਣ ਕਰਦਾ ਹਾਂ। ਇਸੇ ਕਰਕੇ ਉਹ ਆਪਣੀ ਧਾਰਨਾ ਉਪਰ ਦ੍ਰਿੜ੍ਹ ਸਨ। ਸਖ਼ਤ ਤੋਂ ਸਖ਼ਤ ਵਿਰੋਧ ਦਾ ਵੀ ਉਹ ਜਵਾਬ ਨਹੀਂ ਦਿੰਦੇ ਸਨ। ਬਹਿਸ ਨਹੀਂ ਕਰਦੇ ਸਨ, ਸਿਰਫ ਹੱਸ ਕੇ ਗੱਲਾਂ ਨੂੰ ਉਡਾ ਦਿੰਦੇ ਸਨ। ਇਹ ਸੀ, ਉਹਨਾਂ ਦਾ ਆਤਮ ਵਿਸ਼ਵਾਸ, ਜਿਸ ਦਾ ਸੰਸ਼ੋਧਨ ਅਤੇ ਹੇਰ-ਫੇਰ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ।

ਕਈ ਵਾਰੀ ਮੈਨੂੰ ਖਿੱਝ ਆਈ। ਇਕ ਵਾਰੀ ਤਾਂ ਮੈਂ ਕਹਿ ਹੀ ਦਿੱਤਾ ਕਿ ਤੁਸੀਂ ਤਲਾਕ ਦੀ ਆਵਾਜ਼ ਉਠਾ ਕੇ ਸਾਡੇ ਹਿੰਦੂਆਂ ਦੇ ਘਰਾਂ ਵਿਚ ਅੱਗ ਲਾਉਣਾ ਚਾਹੁੰਦੇ ਹੋ, ਸਾਡੇ ਘਰਾਂ ਨੂੰ ਉਜਾੜ ਦੇਣਾ ਚਾਹੁੰਦੇ ਹੋ। ਇਸ ਵਿਚ ਤੁਸੀਂ ਦਯਾ-ਮਮਤਾ ਜਾਂ ਲਾਭ-ਹਾਨੀ ਦਾ ਵਿਚਾਰ ਹੀ ਨਹੀਂ ਕਰਦੇ। ਇਸਦਾ ਕਾਰਨ ਇਹ ਹੈ ਕਿ ਤੁਸੀਂ ਆਰੀਆ ਤਾਂ ਹੋ ਨਹੀਂ, ਦ੍ਰਾਵਿੜ ਹੋ, ਸ਼ਾਇਦ ਅਨਆਰੀਆਂ। ਇਹ ਗੱਲ ਸੁਣ ਕੇ ਵੀ ਉਹ ਹੱਸ ਪਏ। ਇਹੀ ਸੁਭਾਵਿਕ ਹਾਸਾ, ਜਿਸਦਾ ਸਪਸ਼ਟ ਅਰਥ ਇਹ ਹੁੰਦਾ ਸੀ ਕਿ ਸਾਡੇ ਉਪਰ ਇਸ ਗੱਲ ਦਾ ਵੀ ਕੋਈ ਅਸਰ ਨਹੀਂ ਹੈ। ਉਹਨਾਂ ਦੀ ਵਿਚਾਰਾਂ ਅਤੇ ਸਿਧਾਂਤਾਂ ਪ੍ਰਤੀ ਦ੍ਰਿੜ੍ਹਤਾ, ਮਾਨਤਾਵਾਂ ਪ੍ਰਤੀ ਲਗਨ, ਕਿਸੇ ਮੁਕਾਬਲੇ ਕਾਰਨ ਨਹੀਂ ਸੀ। ਉਹ ਚਾਲਬਾਜ਼ ਵਿਅਕਤੀ ਨਹੀਂ ਸਨ, ਕੁਦਰਤੀ ਤੌਰ ਤੇ, ਸਾਧੂ ਸੁਭਾਅ ਦੇ ਸਨ- ਸ਼ੁੱਧ ਮਨ ਅਤੇ ਸਾਫ ਹਿਰਦੇ ਦੇ ਮਾਲਕ। ਆਪਣੀ ਇਮਾਨਦਾਰੀ ਕਰਕੇ ਹੀ ਉਹ ਸੱਚ ਤੋਂ ਨਹੀਂ ਡੋਲੇ। ਮਾਣ, ਪ੍ਰਤਿਸ਼ਠਾ, ਅਪਮਾਨ ਦੀ ਉਹਨਾਂ ਨੇ ਕਦੀ ਪ੍ਰਵਾਹ ਨਹੀਂ ਕੀਤੀ।

ਆਮ ਬੋਲਚਾਲ ਅਤੇ ਵਿਵਹਾਰ ਵਿਚ ਉਹ ਦਿਆਲੂ ਅਤੇ ਕੋਮਲ ਸਨ। ਲੋਕਾਂ ਨਾਲ ਜ਼ਿਆਦਾ ਮਿਲਣਾ-ਜੁਲਣਾ ਜਾਂ ਮੁਲਾ-ਜਾਤੀਆਂ ਨੂੰ ਖੁਸ਼ ਰੱਖਣ ਦੀ, ਉਹਨਾਂ ਨੂੰ ਪ੍ਰਵਾਹ ਨਹੀਂ ਸੀ। ਦੂਜੇ ਅਧਿਐਨਸ਼ੀਲ ਲੋਕਾਂ ਵਾਂਗ, ਉਹ ਇਕਾਂਤ ਪਸੰਦ, ਘੱਟ ਬੋਲਣ ਵਾਲੇ, ਕੜਵੇ ਜਾਂ ਰੁੱਖੇ ਨਹੀਂ ਸਨ। ਮੈਨੂੰ ਯਾਦ ਨਹੀਂ ਆਉਂਦਾ ਕਿ ਉਹਨਾਂ ਨੂੰ ਮਿਲਣ ਵਾਲਿਆਂ ਵਿਚੋਂ ਕਿਸੇ ਨੇ, ਉਹਨਾਂ ਦੇ ਦੁਰਵਿਵਹਾਰ ਦੀ ਸ਼ਿਕਾਇਤ ਕੀਤੀ ਹੋਵੇ ਜਾਂ ਉਹਨਾਂ ਨੂੰ ਘੁਮੰਡੀ ਕਿਹਾ ਹੋਵੇ।

ਕਦੀ ਕਦੀ ਉਹ ਮੈਨੂੰ ਵੈਦ ਵਜੋਂ ਵੀ ਯਾਦ ਕਰ ਲੈਂਦੇ ਸੀ। ਅਜਿਹਾ ਹੀ ਇਕ ਮਜ਼ੇਦਾਰ ਕਿੱਸਾ ਸੁਣਾਉਂਦਾ ਹਾਂ। ਸ੍ਰੀ ਸੋਹਣ ਲਾਲ ਸ਼ਾਸਤਰੀ ਨੇ ਮੈਨੂੰ ਲਿਖਿਆ ਕਿ ਡਾਕਟਰ ਸਾਹਿਬ ਦੀ ਪਿੱਠ 'ਚ ਦਰਦ ਰਹਿੰਦਾ ਹੈ, ਤੁਹਾਡੇ ਨਾਲ ਇਸ ਸਬੰਧ ਵਿਚ ਕੁਝ ਸਲਾਹ-ਮਸ਼ਵਰਾ ਕਰਨਾ ਚਾਹੁੰਦੇ ਹਨ, ਕਿਰਪਾ ਕਰਕੇ, ਜੇ ਤਕਲੀਫ ਨਾ ਹੋਵੇ ਤਾਂ ਫਲਾਣੇ ਵੇਲੇ ਆ ਜਾਓ।

ਉਹਨਾਂ ਦਿਨਾਂ ਵਿਚ ਉਹ ਕਾਨੂੰਨ ਮੰਤਰੀ ਸਨ ਅਤੇ ਇੰਡੀਆ ਗੇਟ ਦੇ ਨਜ਼ਦੀਕ ਰਹਿੰਦੇ ਸਨ। ਮੈਂ ਠੀਕ ਸਮੇਂ ਜਾ ਪਹੁੰਚਾ। ਪਹੁੰਚਣ ਵੇਲੇ ਮੈਂ ਦੇਖਿਆ ਕਿ ਸੋਹਣ ਲਾਲ ਜੀ ਕੁਝ ਘਬਰਾਏ ਹੋਏ ਹਨ। ਮੈਂ ਪੁੱਛਿਆ- ਕੀ ਮਾਮਲਾ ਹੈ?

'ਤੁਸੀਂ ਬੈਠੋ, ਹੁਣੇ ਦੱਸਦਾ ਹਾਂ।'

ਉਹ ਮੈਨੂੰ ਬਜਾਏ ਡਾਕਟਰ ਸਾਹਿਬ ਦੇ ਡਰਾਇੰਗ ਰੂਮ ਵਿਚ ਬਿਠਾਣ ਦੇ, ਆਪਣੇ ਦਫ਼ਤਰ ਵਿਚ ਲੈ ਗਿਆ। ਉਥੇ ਬਿਠਾ ਕੇ ਉਹ ਕੁਝ ਦੇਰ ਲਈ, ਸ਼ਾਇਦ ਇਹ ਦੇਖਣ ਕਿ ਡਾਕਟਰ ਸਾਹਿਬ ਕੀ ਕਰ ਰਹੇ ਹਨ, ਅੰਦਰ ਚਲਾ ਗਿਆ। ਵਾਪਸ ਆ ਕੇ ਨਿਮਰਤਾ ਸਹਿਤ ਕਿਹਾ-

'ਤਕਲੀਫ ਮਾਫ਼! ਡਾਕਟਰ ਸਾਹਿਬ, ਬੱਸ ਦੋ ਮਿੰਟਾਂ 'ਚ ਵਿਹਲੇ ਹੋਣ ਵਾਲੇ ਹਨ। ਮਿਲ ਲਓ, ਪਰ ਕਿਰਪਾ ਕਰਕੇ ਬਿਮਾਰੀ ਜਾਂ ਇਲਾਜ ਸਬੰਧੀ ਕੋਈ ਗੱਲ ਨਾ ਕਰਨਾ।' ਮੈਂ ਹੈਰਾਨ ਸੀ- ਇਸਦਾ ਕੀ ਮਤਲਬ? ਮੈਨੂੰ ਤਾਂ ਬੁਲਾਇਆ ਹੀ ਬਿਮਾਰੀ ਸਬੰਧੀ ਸਲਾਹ ਕਰਨ ਨੂੰ ਸੀ। ਪ੍ਰੰਤੂ ਸੋਹਣ ਲਾਲ ਜੀ, ਬਹੁਤ ਪ੍ਰੇਸ਼ਾਨ ਸਨ। ਅਸਲੀ ਗੱਲ ਉਹ ਦੱਸਣੀ ਨਹੀਂ ਚਾਹੁੰਦੇ ਸਨ। ਉਹਨਾਂ ਨੇ ਇੰਨਾ ਹੀ ਕਿਹਾ- "ਮੈਂ ਫਿਰ ਤੁਹਾਨੂੰ ਦੱਸਾਂਗਾ। ਅਜੇ ਤਾਂ ਤੁਸੀਂ ਉਹਨਾਂ ਨੂੰ ਮਿਲ ਲਵੋ। ਕਿਰਪਾ ਕਰਕੇ ਮੇਰੀ ਗੱਲ ਦਾ ਧਿਆਨ ਰੱਖਣਾ।"

ਮੈਨੂੰ ਇਹ ਗੱਲ ਪਸੰਦ ਨਾ ਆਈ। ਮੈਂ ਕਿਹਾ, 'ਆਪਣੇ ਵੱਲੋਂ ਕੋਈ ਸਵਾਲ ਉਠਾਉਣ ਦੀ ਮੇਰੀ ਕੋਈ ਆਦਤ ਨਹੀਂ। ਚਲੋ ਤੁਸੀਂ।'

ਅੰਦਰ ਜਾ ਕੇ ਦੇਖਿਆ ਤਾਂ ਡਾਕਟਰ ਸਾਹਿਬ ਆਰਾਮ ਕੁਰਸੀ ਉਪਰ ਬੈਠੇ ਸਨ। ਚਿਹਰੇ ਉਪਰ ਥਕਾਵਟ ਜ਼ਰੂਰ ਲੱਗਦੀ ਸੀ, ਪਰ ਮੁਸਕਰਾਹਟ ਪਹਿਲਾਂ ਵਰਗੀ ਹੀ ਸੀ। ਸਾਹਮਣੇ ਮੇਜ਼ ਉਤੇ ਮੱਕੀ ਦੀਆਂ ਛੱਲੀਆਂ ਦੇ 10-12 ਗੁੱਲ ਪਏ ਸਨ। ਅਚਾਨਕ ਹੀ ਮੇਰਾ ਧਿਆਨ ਉਧਰ ਚਲਾ ਗਿਆ। ਆਓ ਭਗਤ ਤੋਂ ਬਾਅਦ ਮੈਂ ਹੱਸਦੇ ਹੋਏ ਕਿਹਾ- 'ਤੁਸੀਂ ਸ਼ਾਇਦ ਮੱਕੀ ਦੀਆਂ ਛੱਲੀਆਂ ਚੱਬ ਰਹੇ ਸੀ।'

ਡਾਕਟਰ ਸਾਹਿਬ ਜੁਆਬ ਦੇਣ ਹੀ ਵਾਲੇ ਸਨ ਕਿ ਉਹਨਾਂ ਦੀ ਧਰਮ ਪਤਨੀ ਆ ਕੇ ਲਾਗਲੀ ਕੁਰਸੀ ਉਤੇ ਬੈਠ ਗਈ ਅਤੇ ਮੇਰੀ ਵੱਲ ਕਹਰੀ (ਗੁੱਸੇ) ਅੱਖ ਨਾਲ ਦੇਖਣ ਲੱਗੀ, ਜਿਸਦਾ ਕਾਰਨ, ਮੈਨੂੰ ਸਮਝ ਨਾ ਆਇਆ। ਡਾਕਟਰ ਸਾਹਿਬ ਨੇ ਹੱਸ ਕੇ ਮੇਰੀ ਗੱਲ ਦਾ ਜਵਾਬ ਦਿੱਤਾ। ਉਹਨਾਂ ਨੇ ਪਤਨੀ ਨੂੰ ਇਸ਼ਾਰਾ ਕਰਦੇ ਹੋਏ ਕਿਹਾ, 'ਦੇਖੋ ਇਹ ਡਾਕਟਰ ਹਨ, ਇਹਨਾਂ ਦੇ ਕਹਿਣ ਉਤੇ ਹੀ ਖਾਧੇ ਹਨ।'

'ਪ੍ਰੰਤੂ, ਤੁਹਾਡੀ ਕਮਰ 'ਚ ਤਾਂ ਦਰਦ ਹੈ?'

'ਹਾਂ, ਇਹਨਾਂ ਦਾ ਖਿਆਲ ਹੈ ਕਿ ਇਹ ਇਸ ਬਿਮਾਰੀ ਲਈ ਫਾਇਦੇਮੰਦ ਹੈ।'

ਮੈਂ ਸ਼੍ਰੀਮਤੀ ਵੱਲ ਪ੍ਰਸ਼ਨਸੂਚਕ ਢੰਗ ਨਾਲ ਦੇਖਿਆ। ਇਹ ਵਿਆਹ ਡਾ. ਅੰਬੇਦਕਰ ਨੇ ਕੁਝ ਮਹੀਨੇ ਪਹਿਲਾਂ ਹੀ ਕੀਤਾ ਸੀ ਅਤੇ ਇਸ ਸ਼੍ਰੀਮਤੀ ਨੂੰ ਦੇਖਣ ਦਾ ਇਹ ਮੇਰਾ ਪਹਿਲਾ ਹੀ ਮੌਕਾ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਨਾਂ ਦੀ ਮੇਰੇ ਪ੍ਰਤੀ ਅਜਿਹੀ ਕੁਰੱਖਤ ਤੱਕਣੀ ਕਿਉਂ ਹੈ।

ਉਹਨਾਂ ਨੇ ਪੁੱਛਿਆ - "ਕੀ ਤੁਸੀਂ ਡਾਕਟਰ ਹੋ।'

'ਜੀ, ਮੈਂ ਵੈਦ ਹਾਂ! ਆਯੁਰਵੈਦਿਕ ਵੈਦ।'

'ਆਯੁਰਵੈਦਿਕ ਤਾਂ ਕੋਈ ਵਿਗਿਆਨ ਨਹੀਂ ਹੈ।'

ਮੈਂ ਆਪਣੀ ਆਦਤ ਤੋਂ ਮਜਬੂਰ ਹਾਂ। ਲੜਾਈ ਦਾ ਸੱਦਾ, ਮੈਥੋਂ ਸਹਿਣ ਨਹੀਂ ਹੁੰਦਾ। ਇਹ ਤਾਂ ਸਰਾਸਰ ਲੜਾਈ ਦਾ ਬੁਲਾਵਾ ਸੀ। ਉਹਨਾਂ ਦੀ ਕੁਰੱਖਤ ਨਿਗਾਹ ਤਾਂ ਪਹਿਲਾਂ ਹੀ ਸੀ, ਉਪਰੋਂ ਇਹ ਹੁਕਮਨਾਮਾ। ਮੈਂ ਜਾਣ ਗਿਆ ਕਿ ਉਹ ਨਾ ਤਾਂ ਮੈਨੂੰ ਵੈਦ ਕਰਕੇ ਪਸੰਦ ਕਰਦੀ ਹੈ ਤੇ ਨਾ ਹੀ ਉਸ ਦਾ ਆਯੁਰਵੇਦ ਵਿਚ ਵਿਸ਼ਵਾਸ ਹੈ। ਇਸ ਤੋਂ ਇਲਾਵਾ ਸ਼ਾਇਦ ਉਹ ਕਿਸੇ ਡਾਕਟਰ ਨੂੰ ਆਪਣੇ ਘਰ 'ਚ ਦੇਖਣਾ ਪਸੰਦ ਨਹੀਂ ਕਰਦੀ, ਕਿਉਂਕਿ ਉਹ ਖੁਦ ਇਕ ਨਾਮੀ ਡਾਕਟਰ ਅਤੇ ਵਿਦਵਾਨ ਸੀ।

ਪ੍ਰੰਤੂ, ਚਾਹੇ ਕੁਝ ਵੀ ਹੋਵੇ, ਉਸਨੇ ਮੈਨੂੰ ਲਲਕਾਰਿਆ ਸੀ, ਇਸ ਕਰਕੇ ਜਦ ਉਹਨਾਂ ਕਿਹਾ ਕਿ ਆਯੁਰਵੇਦ ਕੋਈ ਵਿਗਿਆਨ ਨਹੀਂ ਹੈ ਤਾਂ ਮੈਂ ਹੌਲੀ ਜਿਹੇ ਪੁੱਛਿਆ- 'ਕੀ ਤੁਸੀਂ ਆਯੁਰਵੇਦ ਪੜ੍ਹਿਆ ਹੈ।'

ਇਸ ਸਵਾਲ ਨਾਲ ਉਹ ਹੋਰ ਗੁੱਸੇ ਹੋ ਗਈ ਅਤੇ ਇੱਧਰ ਮੈਂ ਵੀ ਤੀਰ-ਕਮਾਨ ਸੰਭਾਲ ਲਿਆ। ਸਮੱਸਿਆ ਇਹ ਸੀ ਕਿ ਇਕ ਤਾਂ ਉਹ ਔਰਤ ਸੀ, ਦੂਜੀ ਘਰ ਦੀ ਮਾਲਕਿਨ, ਪਰ ਮੈਂ ਤਾਂ ਪ੍ਰਾਹੁਣਾ ਸੀ। ਫਿਰ ਜੇ ਲੜਨਾ ਹੀ ਪਵੇ ਤਾਂ ਸੋਚ ਵਿਚਾਰ ਕਾਹਦੀ?

ਪ੍ਰੰਤੂ ਡਾਕਟਰ ਸਾਹਿਬ ਨੇ ਮਸਲੇ ਦੀ ਨਜ਼ਾਕਤ ਨੂੰ ਭਾਂਪ ਲਿਆ। ਉਹਨਾਂ ਨੇ ਹੱਸ ਕੇ, ਢੰਗ ਨਾਲ ਹੀ, ਗੱਲਬਾਤ ਦਾ ਪ੍ਰਸੰਗ ਦੂਜੇ ਪਾਸੇ ਮੋੜ ਦਿੱਤਾ। ਉਹਨਾਂ ਨੇ ਪਹਿਲਾਂ ਮੈਨੂੰ ਖੁਸ਼ ਕਰਨ ਲਈ ਆਯੁਰਵੇਦ ਦੀ ਤਾਰੀਫ ਕੀਤੀ, ਫਿਰ ਪਤਨੀ ਨੂੰ ਖੁਸ਼ ਕਰਨ ਲਈ, ਉਸਦੀ ਮੌਜੂਦਾ ਹਾਲਤ ਦੀ ਥੋੜ੍ਹੀ ਵਿਆਖਿਆ ਕੀਤੀ। ਇਸ ਤੋਂ ਬਾਅਦ, ਹੁਸ਼ਿਆਰੀ ਨਾਲ, ਉਹਨਾਂ ਨੇ ਗੱਲਬਾਤ ਦਾ ਪ੍ਰਸੰਗ ਰਸਮੀ ਬਣਾ ਦਿੱਤਾ ਅਤੇ ਉਸ ਦਿਨ ਇਕ ਅਣਸੁਖਾਵੀਂ ਘਟਨਾ ਹੁੰਦੇ ਹੁੰਦੇ ਬਚ ਗਈ। ਥੋੜ੍ਹੀ ਦੇਰ ਬਾਅਦ ਹੀ ਮੈਂ ਆਗਿਆ ਮੰਗੀ ਅਤੇ ਸ਼੍ਰੀਮਤੀ ਨੂੰ ਖੁਸ਼ ਕਰਨ ਦਾ ਵਿਖਾਵਾ ਕਰਨਾ ਨਾ ਭੁੱਲਿਆ। ਜਦੋਂ ਉਹ ਹੱਸ ਪਈ, ਮੈਂ ਫਿਰ ਦੁਬਾਰਾ ਪ੍ਰਣਾਮ ਕੀਤਾ ਤੇ ਚੱਲ ਪਿਆ।

ਮੈਂ ਸਮਝਦਾ ਹਾਂ, ਡਾਕਟਰ ਅੰਬੇਦਕਰ ਵਿਚ ਭਾਰਤ ਦੇ ਰਾਸ਼ਟਰਪਤੀ ਬਣਨ ਦੀ ਖੂਬੀ ਸੀ। ਜੇਕਰ ਉਹ ਅਛੂਤਾਂ ਦੀ ਨੁਮਾਇੰਦਗੀ ਛੱਡ ਦਿੰਦੇ ਅਤੇ ਸਮੂਹ ਭਾਰਤੀ ਜਨਪਦ ਦੀ ਪ੍ਰਤੀਨਿਧਤਾ ਸੰਭਾਲਦੇ ਤਾਂ ਉਹਨਾਂ ਨੂੰ ਭਾਰਤ ਦੇ ਰਾਸ਼ਟਰਪਤੀ ਦਾ ਅਹੁਦਾ ਮਿਲਦਾ, ਜਿਸਦੇ ਉਹ ਸੁਭਾਵਿਕ ਹੀ ਅਧਿਕਾਰੀ ਸਨ। ਇਹ ਗੱਲ ਮੈਂ ਉਹਨਾਂ ਨੂੰ ਇਕ ਚਿੱਠੀ ਵਿਚ ਲਿਖੀ ਵੀ ਸੀ। ਪ੍ਰੰਤੂ ਕਿੱਦਾਂ ਉਹ ਆਪਣੇ ਖੂਨੀ ਰਿਸ਼ਤੇ ਨੂੰ ਛੱਡ ਸਕਦੇ ਸਨ? ਕਿੱਦਾਂ ਉਹ ਲੱਖਾਂ ਅਛੂਤਾਂ ਨੂੰ ਇਕੱਲੇ ਛੱਡ ਸਕਦੇ ਸਨ, ਜਿਹਨਾਂ ਉਤੇ ਉਚ ਜਾਤੀ-ਸਵਰਨਾਂ ਨੇ ਸਦੀਆਂ ਤੋਂ ਅੱਤਿਆਚਾਰ ਢਾਹੇ ਹੋਣ। ਇਹਨਾਂ ਦੀ ਖਾਤਰ ਤਾਂ ਉਹ ਗਾਂਧੀ ਜੀ ਨਾਲ ਲੜਦੇ ਰਹੇ, ਜਦਕਿ ਉਹ ਗਾਂਧੀ ਜੀ ਨੂੰ ਪਿਆਰ ਕਰਦੇ ਸਨ।

ਗਾਂਧੀ ਜੀ ਦੇ ਪ੍ਰਤੀ ਉਹਨਾਂ ਦੇ ਵਿਸ਼ਵਾਸ ਦਾ ਪਤਾ ਉਦੋਂ ਲੱਗਾ, ਜਦੋਂ ਗਾਂਧੀ ਨੇ (1931 ਵਿਚ) ਮਰਨ ਵਰਤ ਰੱਖਿਆ ਸੀ। ਜਿਸਦੇ ਕਾਰਨ ਡਾ. ਅੰਬੇਦਕਰ ਨੇ ਆਪਣਾ ਅਜਿੱਤ ਵਾਣ ਝੁਕਾ ਲਿਆ ਸੀ। ਗਾਂਧੀ ਜੀ ਵੀ ਇਸ ਮਹਾਤਮਾ ਦੇ ਸੱਚੇ ਪ੍ਰਣ ਨੂੰ ਸਮਝਦੇ ਸਨ ਅਤੇ ਉਹਨਾਂ ਦਾ ਇਹੋ ਜਿਹਾ ਹੀ ਸਨਮਾਨ ਕਰਦੇ ਸਨ।

ਆਪਣੇ ਆਖਰੀ ਸਮੇਂ ਵਿਚ ਉਹ ਬੁੱਧ ਧਰਮ ਦੀ ਸ਼ਰਨ ਚਲੇ ਗਏ। ਉਹਨਾਂ ਦੀ ਮਨੋਵਿਰਤੀ ਮੈਂ ਸਮਝ ਸਕਦਾ ਸੀ। ਕਦੀ ਵੀ ਉਹ ਹਿੰਦੂ ਨਾ ਬਣ ਸਕੇ। ਉਹ ਜਾਣਦੇ ਸਨ ਕਿ ਹਿੰਦੂ ਸਮਾਜ ਵਿਚ ਘੁਸਣ ਲਈ ਚਾਰ ਦਰਵਾਜ਼ੇ ਸਨ, ਚਾਰੇ ਹੀ ਉਹਨਾਂ ਲਈ ਬੰਦ ਸਨ; ਭਾਵੇਂ ਉਹ ਵਿਦਵਾਨ ਸਨ, ਸ਼ਾਸਤਰਾਂ ਦੇ ਵਿਦਵਾਨ ਸਨ, ਸਤਿਕਾਰਯੋਗ ਵੀ ਸਨ, ਕਿਉਂਕਿ ਉਹ ਅੰਤਰਯ (ਅਛੂਤ) ਸਨ। ਜੀਵਨ ਦੇ ਸ਼ੁਰੂ ਵਿਚ ਹੀ ਉਹਨਾਂ ਨੇ ਇਸ ਪਾਬੰਦੀ ਦਾ ਅਨੁਭਵ ਕਰ ਲਿਆ ਸੀ। ਭਾਰਤੀ ਲੋਕਤੰਤਰ ਵਿਚ ਮੰਤਰੀ ਬਣ ਕੇ ਵੀ, ਇਕ ਵਿਦਵਾਨ ਬ੍ਰਾਹਮਣ ਔਰਤ ਨਾਲ ਵਿਆਹ ਕਰਕੇ ਵੀ, ਉਹਨਾਂ ਦੇ ਮਨ ਦੀ ਦੁਬਿਧਾ ਨਹੀਂ ਮਿਟੀ।

ਜਿਨਾਹ ਨੇ ਉਹਨਾਂ ਨੂੰ ਮੁਸਲਮਾਨ ਬਣਨ ਦਾ ਸੱਦਾ ਦਿੱਤਾ। ਪ੍ਰੰਤੂ ਇੰਨਾ ਵਿਸ਼ਵਾਸ ਤਾਂ ਉਹਨਾਂ ਵਿਚ ਸੀ ਕਿ ਉਹ ਇਸ ਸੱਦੇ ਨੂੰ ਠੁਕਰਾ ਦੇਣ। ਬੁੱਧ ਧਰਮ ਦਾ ਉਭਾਰ, ਬੇਸ਼ੱਕ ਉਸੇ ਪ੍ਰਤੀਕਿਰਿਆ ਵਜੋਂ ਹੋਇਆ, ਜਿਹੜੀ ਡਾਕਟਰ ਅੰਬੇਦਕਰ ਦੇ ਮਨ ਵਿਚ ਬੋਧੀਜੜ੍ਹ ਸੀ। ਇਸ ਕਰਕੇ ਉਹਨਾਂ ਦਾ ਮਨ ਬੁੱਧ ਧਰਮ ਵੱਲ ਝੁਕ ਗਿਆ। ਜਿਸ ਲਈ ਉਹਨਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਕੋਈ ਵੀ ਸਵੈਮਾਨੀ ਵਿਅਕਤੀ, ਉਸ ਅਪਮਾਨ ਨੂੰ ਨਹੀਂ ਸਹਿ ਸਕਦਾ ਜੋ ਅੰਬੇਦਕਰ ਵਰਗੇ, ਉਚੇ ਵਿਦਵਾਨ ਅਤੇ ਧਾਰਾ ਸ਼ਾਸਤਰੀ ਨੂੰ ਕੇਵਲ ਜਨਮ ਦੋਸ਼ ਕਰਕੇ ਸਹਿਣਾ ਪਿਆ। ਆਰੀਆ ਸਮਾਜ ਅੱਜ ਜੀਵਨ ਹੁੰਦਾ ਤਾਂ ਉਹ ਉਧਰ ਜ਼ਰੂਰ ਝੁਕਦੇ, ਪਰ ਉਹ ਪਹਿਲਾਂ ਹੀ ਤੇਜ਼ਹੀਣ ਸੰਸਥਾ ਬਣ ਚੁੱਕੀ ਸੀ। ਬੋਧ ਸੰਸਥਾ ਵਿਚ ਵੀ ਕੁਝ ਜੀਵਨ ਨਹੀਂ ਰਿਹਾ ਸੀ, ਨਾ ਹੁਣ ਹੈ। ਪ੍ਰੰਤੂ ਨਵੇਂ ਯੁੱਗ ਦੇ ਨਾਲ ਬੁੱਧ ਧਰਮ ਨੇ ਇਕ ਨਵਾਂ ਰੂਪ ਅਤੇ ਦ੍ਰਿਸ਼ਟੀਕੋਣ ਸਥਾਪਤ ਕੀਤਾ ਹੈ, ਉਸੇ ਕਰਕੇ ਹੀ ਡਾਕਟਰ ਅੰਬੇਦਕਰ ਨੇ ਉਸ ਅੱਗੇ ਆਪਣਾ ਸਮਰਪਣ ਕੀਤਾ।

(ਹਵਾਲਾ: ਮੇਰੀ ਆਤਮ ਕਹਾਣੀ, ਅਚਾਰੀਆ ਚਤੁਰਸੇਨ ਸ਼ਾਸਤਰੀ, ਪੰਨਾ 315-320)

## ਪਛਤਾਵਾ

-ਪ੍ਰਮਿੰਦਰ ਸਿੰਘ ਪ੍ਰਵਾਨਾ
(510)- 781-0487
ਕੈਲੀਫੋਰਨੀਆ (ਯੂ. ਐਸ. ਏ)

ਤਿੰਨ ਚੀਜ਼ਾਂ,
ਕਿਸਮਤ ਬਣਾਉਂਦੀਆਂ ਹਨ।
ਬੋਤਲ ਨੋਟ ਤੇ ਕਲਮ
ਬੋਤਲ ਸਾਰੇ
ਅਮਲੀ ਦਾ ਡੰਗ
ਜਨਤਾ ਦੀ ਕਿਸਮਤ ਭੰਗ
ਨੋਟ ਟੱਬਰ ਨੂੰ ਲੁਭਾਉਂਦੇ ਹਨ
ਜਨਤਾ ਦੀ ਸ਼ਾਂਤੀ ਨੂੰ ਡੰਗਦੇ ਹਨ
ਜਦ ਕਲਮ ਭਾਰੇ ਪਾਸੇ ਦਾ
ਪੱਖ ਪੂਰਦੀ ਹੈ
ਝੂਠ ਦੇ ਪੁਲੰਧੇ ਲਿਖਦੀ ਹੈ
ਝੂਠੇ ਗਾਣੇ
ਝੂਠੇ ਨਾਚ, ਝੂਠੇ ਸਬਜ਼ਬਾਗ
ਕਲਮ ਉਘਾੜਦੀ ਏ
ਫਿਰ ਨਿਕੰਮੀਆਂ
ਸਰਕਾਰਾਂ ਬਣਦੀਆਂ ਹਨ
ਤਾਂ ਹਰ ਵਾਰ
ਬੋਤਲ ਨੋਟ ਤੇ ਕਲਮਾਂ
ਪਛਤਾਉਂਦੀਆਂ ਹਨ
ਤੇ ਪਛਤਾਵਾ ਹੀ
ਰਹਿ ਜਾਂਦਾ ਏ।

## ਪਤਾ ਲੱਗੀ ਲਾਪਤਾ ਮਲੇਸ਼ੀਆਈ ਜਹਾਜ਼ ਦੀ ਲੋਕੇਸ਼ਨ!

ਨਵੀਂ ਦਿੱਲੀ—ਮਲੇਸ਼ੀਆਈ ਜਹਾਜ਼ ਦੇ ਸੰਭਾਵਿਤ ਟਿਕਾਣੇ ਦਾ ਪਤਾ ਲੱਗ ਗਿਆ ਹੈ। ਜੇਕਰ ਇਹ ਜਾਣਕਾਰੀ ਸਹੀ ਨਿਕਲੀ ਤਾਂ ਦੁਨੀਆ ਦੇ ਸਾਰੇ ਦੇਸ਼ਾਂ ਦੀਆਂ ਖੋਜੀ ਟੀਮਾਂ ਮਿਲ ਕੇ ਜੋ ਕੰਮ ਨਹੀਂ ਕਰ ਸਕੀਆਂ, ਉਹ ਕੰਮ ਭਾਰਤ ਦੇ ਹੈਦਰਾਬਾਦ ਵਿਚ ਆਪਣੇ ਦਫਤਰ ਵਿਚ ਚੁੱਪ-ਚਾਪ ਬੈਠ ਕੇ ਕੰਮ ਕਰਨ ਵਾਲੇ ਇਕ ਵਿਅਕਤੀ ਨੇ ਕਰ ਦਿਖਾਇਆ ਹੈ। ਆਈ. ਟੀ. ਦੇ ਖੇਤਰ ਵਿਚ ਕੰਮ ਕਰਨ ਵਾਲੇ ਅਨੂਪ ਮਾਧਵ ਯਾਗਿਨਾ ਜਦੋਂ ਡਿਜੀਟਲਗਲੋਬ ਸੈਟੇਲਾਈਟ ਕਿਊ. ਬੀ. 02 ਦੀਆਂ ਅਣਗਿਣਤ ਤਸਵੀਰਾਂ ਖੰਗਾਲ ਰਹੇ ਸਨ ਤਾਂ ਅਚਾਨਕ ਉਨ੍ਹਾਂ ਦੀ ਅੱਖਾਂ ਸਾਹਮਣੇ ਉਹ ਤਸਵੀਰ ਆ ਗਈ, ਜਿਸ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਦੁਨੀਆ ਦੇ ਸਾਰੇ ਦੇਸ਼ ਕਰ ਰਹੇ ਪਰ ਅਜੇ ਤੱਕ ਕੋਈ ਪੁਖਤਾ ਸਬੂਤ ਨਹੀਂ ਮਿਲ ਸਕਿਆ। ਅਨੂਪ ਨੂੰ ਸੈਟੇਲਾਈਟ ਦੀ ਤਸਵੀਰ ਵਿਚ ਇਕ ਜਹਾਜ਼ ਬਹੁਤ ਹੀ ਹੇਠਾਂ ਉੱਡਦਾ ਹੋਇਆ ਦਿਖਾਈ ਦਿੱਤਾ। ਇਹ ਤਸਵੀਰ 8 ਮਾਰਚ ਦੀ ਹੈ, ਜਿਸ ਦਿਨ ਮਲੇਸ਼ੀਆਈ ਜਹਾਜ਼ ਲਾਪਤਾ ਹੋਇਆ ਸੀ। ਇਹ ਜਹਾਜ਼ ਅੰਡਮਾਨ ਟਾਪੂ 'ਤੇ ਬਹੁਤ ਘੱਟ ਉਚਾਈ 'ਤੇ ਉੱਡ ਰਿਹਾ ਸੀ। ਅਨੂਪ ਨੂੰ ਲੱਗਿਆ ਕਿ ਇਹ ਜਹਾਜ਼ ਮਲੇਸ਼ਾਈਆਈ ਏਅਰਲਾਈਨਜ਼ ਐਮ. ਐਚ. 370 ਦਾ ਲਾਪਤਾ ਜਹਾਜ਼ ਬੋਇੰਗ 777 ਹੀ ਹੈ। ਉਨ੍ਹਾਂ ਨੇ ਇਹ ਜਹਾਜ਼ ਤਸਵੀਰ ਇਕ ਲੇਖ ਦੇ ਨਾਲ ਸੀ. ਐਨ. ਐਨ. ਦੀ ਵੈੱਬਸਾਈਟ 'ਤੇ 16 ਮਾਰਚ ਨੂੰ ਪਾਈ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਪੋਸਟ ਨੂੰ ਕਈ ਪ੍ਰਤੀਕ੍ਰਿਆਵਾਂ ਮਿਲੀਆਂ ਹਨ।

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 30 ਮਾਰਚ 2014 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤ ਨੂੰ




ਲੱਖ-ਲੱਖ ਮੁਬਾਰਕਾਂ



ਆਓ ਸਾਰੇ ਰਲ ਮਿਲ ਕੇ ਇਸ ਗੁਰਪੁਰਬ ਮੌਕੇ ਸ਼ਾਮਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# Balbir Singh Sheemar

## Ex-President, Shri Guru Ravidass Sabha, Bay Area

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 30 ਮਾਰਚ 2014 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤ ਨੂੰ



ਲੱਖ-ਲੱਖ ਮੁਬਾਰਕਾਂ



# Amrik Chand CPA

Phone : 510-490-8200 Fax : 510-490-8202

959 Corporate Way, Fremont, CA. 94539

# Ram Murti Saroay

Ex Chairman

Shri Guru Ravidass Sabha, Bay Area (CA)

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 30 ਮਾਰਚ 2014 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤ ਨੂੰ

ਲੱਖ ਲੱਖ ਵਧਾਈਆਂ

ਵਿਨੋਦ ਕੁਮਾਰ ਚੁੰਬਰ

ਵਾਈਸ ਚੇਅਰਮੈਨ

ਸ੍ਰੀ ਗੁਰੂ ਰਵਿਦਾਸ ਸਭਾ

ਬੇ-ਏਰੀਆ ਕੈਲੀਫੋਰਨੀਆ

ਮੈਂਬਰ ਸੁਪਰੀਮ ਕੌਂਸਲਰ,

ਸ੍ਰੀ ਗੁਰੂ ਰਵਿਦਾਸ ਸਭਾ ਯੂ. ਐਸ. ਏ.



ਸ੍ਰੀ ਵਿਨੋਦ ਕੁਮਾਰ ਚੁੰਬਰ ਆਪਣੇ ਪਰਿਵਾਰ ਸਮੇਤ

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵੱਲੋਂ 30 ਮਾਰਚ 2014 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤ ਨੂੰ

ਲੱਖ ਲੱਖ ਵਧਾਈਆਂ

ਧਰਮਪਾਲ ਝੱਮਟ

ਕੌਮ ਦੇ ਨਿਸ਼ਕਾਮ ਸਮਾਜ ਸੇਵਕ

ਸਾਬਕਾ ਜਨਰਲ ਸਕੱਤਰ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਕੈਲੀਫੋਰਨੀਆ



ਸ੍ਰੀ ਧਰਮਪਾਲ ਝੱਮਟ ਆਪਣੇ ਪਰਿਵਾਰ ਸਮੇਤ

Since 1990

# PCS SACRAMENTO

Presents

(USA)

Non Profit

25ਵਾਂ

ਸਿਲਵਰ ਜੁਬਲੀ ਸੈਲੀਬ੍ਰੇਸ਼ਨਜ਼

# ਵਿਸਾਖੀ ਮੇਲਾ

# Visakhi Mela





## Featuring : Songs, Gidha & Bhangra, Dances, Skits and Much More

**Celebration On Saturday 19th April 2014 at 3:00 P.M.**

# S.E.S. Hall

**10427 E. STOCKTON BLVD. ELK GROVE, CA 95624**

Spcl. Appearance

**Bhangra & Gidda**



**ਸਹਿਯੋਗੀ ਜਥੇਬੰਦੀਆਂ :** ਇੰਡੋ ਅਮੇਰੀਕਨ ਹੈਰੀਟੇਜ਼ ਫੋਰਮ (ਫਰਿਜ਼ਨੋ), ਜੀ. ਐਚ. ਜੀ. ਅਤੇ ਸੰਗੀਤ ਅਕੈਡਮੀ (ਫਰਿਜ਼ਨੋ), ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਪੰਜਾਬੀ ਅਮੇਰੀਕਨ ਹੈਰੀਟੇਜ਼ ਸੁਸਾਇਟੀ (ਯੂਬਾਸਿਟੀ), ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਸੈਂਟਰਲ ਵੈਲੀ (ਫਰਿਜ਼ਨੋ), ਡਾਇਮੰਡ ਕਲੱਬ ਸੈਕਰਾਮੈਂਟੋ, ਇੰਡੋ ਅਮੈਰੀਕਨ ਦੇਸ਼ ਭਗਤ ਫਾਉਂਡੇਸ਼ਨ, ਇੰਡਸ ਵੈਲੀ ਅਮੇਰੀਕਨ ਚੈਂਬਰ ਆਫ਼ ਕਾਮਰਸ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ, ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਅਮੈਰੀਕਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ), ਇੰਡੋ ਅਮੈਰੀਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜ਼ੇਸ਼ਨ ਯੂ.ਐਸ.ਏ. ਅਤੇ ਪੰਜਾਬੀ ਵਿਰਸਾ ਸੰਭਾਲ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਮਲਕੀਤ ਬੋਪਾਰਾਏ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੈਂਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਮਨਜੀਤ ਸਿੰਘ, ਨਿਰਮਲ ਸਿੰਘ, ਗੁਰਦੀਪ ਢਿਲੋਂ, ਜਸਵਿੰਦਰ ਬੋਪਾਰਾਏ, ਜਸਵੀਰ ਥਾਂਦੀ (World Financial Group), ਜੇ.ਆਰ. ਸਿਧਰਾ ਅਮੇਰੀਕਨ ਟ੍ਰੈਵਲਜ਼, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) ਅਤੇ ਕਿਰਨਜੀਤ ਢੱਡਾ।

## ਕੈਲੇਫੋਰਨੀਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ ।

For More Information Please Contact : *Participation:* **Rashpal Pharwala (916) 880-0531**, *Stalls:* **Tirath Sahota (916) 271-8382, Amrik Parhar (916) 502-0064**, *Host by:* **Jaswant S. Shad (209) 992-7185**

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)